
ਪ੍ਰਕਾਸ਼ਨ ਨੰ : 394

# ਜੀਵਨ ਗਾਥਾ
# ਸ੍ਰੀ ਗੁਰੂ ਹਰਿਕ੍ਰਿਸ਼ਨ ਜੀ



ਗੁਰਦੁਆਰਾ ਬੰਗਲਾ ਸਾਹਿਬ
ਨਵੀਂ ਦਿੱਲੀ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

ਰੁਪਏ 3

੧ੳ ਵਾਹਿਗੁਰੂ ਜੀ ਕੀ ਫ਼ਤਹਿ ॥

ਪ੍ਰਕਾਸ਼ਨ ਨੰ:
394

# ਜੀਵਨ ਗਾਥਾ
# ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

ਲੇਖਕ
ਲਖਵਿੰਦਰਪਾਲ ਸਿੰਘ 'ਕੁਮਕਲਾਂ'

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ।

# ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

**ਜਨਮ ਅਤੇ ਜਨਮ-ਅਸਥਾਨ :** ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ 7 ਜੁਲਾਈ, ਸੰਨ 1656, ਬਿਕ੍ਰਮੀ ਸੰਮਤ ਅਨੁਸਾਰ 8 ਸਾਵਣ, ਸੰਮਤ 1713 ਨੂੰ ਕੀਰਤਪੁਰ ਸਾਹਿਬ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਅਤੇ ਪਿਤਾ ਗੁਰੂ ਹਰਿ ਰਾਇ ਜੀ ਦੇ ਗ੍ਰਹਿ ਵਿਖੇ ਹੋਇਆ। ਮਾਤਾ ਜੀ ਨੂੰ ਕੋਟ ਕਲਿਆਣੀ ਅਤੇ ਸੁਲੱਖਣੀ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਜਨਮ ਤਰੀਕ ਨਾਲ ਸਾਰੇ ਵਿਦਵਾਨ, ਡਾ. ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰਿੰਸੀਪਲ ਸਤਿਬੀਰ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ ਅਤੇ ਗਿਆਨੀ ਠਾਕੁਰ ਸਿੰਘ ਆਦਿ ਸਹਿਮਤ ਹਨ। ਪਰ ਭੱਟ ਵਹੀਆਂ ਵਿਚ ਇਹ ਜਨਮ ਤਰੀਕ ਇਸ ਤਰ੍ਹਾਂ ਦਰਜ ਹੈ : "ਜਬ ਸ੍ਰੀ ਰਾਮ ਰਾਇ ਜੀ ਛੇ ਬਰਖਾਂ ਕੇ ਹੂਏ ਮਾਤਾ ਸੁਲਖਣੀ ਕੀ ਕੁੱਖ ਕੋ ਫੇਰ ਭਾਗ ਲਗਾ। ਸੰਮਤ ਸਤਰਾਂ ਸੈ ਨਾਵਾਂ ਸਾਵਨ ਵਦੀ ਦਸਮੀ ਕੇ ਦਿਹੁੰ ਸਵਾ ਪਹਿਰ ਰੈਣ ਰਹੀ ਏਕ ਚਮਤਕਾਰੀ ਬਾਲ ਪੈਦਾ ਹੂਆ।" ਇਸ ਹਿਸਾਬ ਨਾਲ ਗੁਰੂ ਜੀ ਦਾ ਜਨਮ ਸੰਨ 1652 ਈ: ਵਿਚ ਹੋਇਆ ਸੀ, ਜੋ ਕਿ ਹੋਰਨਾਂ ਪੁਰਾਤਨ ਸਰੋਤਾਂ ਨਾਲੋਂ 4 ਸਾਲ ਪਹਿਲਾਂ ਹੈ।*

**ਗੁਰੂ ਸਾਹਿਬ ਦਾ ਬਚਪਨ :** ਗੁਰੂ ਸਾਹਿਬ ਦਾ ਚਿਹਰਾ ਮਨਮੋਹਣਾ ਅਤੇ ਹਿਰਦਾ ਕੋਮਲ ਸੀ। ਹਰ ਦੇਖਣ ਵਾਲਾ ਉਹਨਾਂ ਵੱਲ ਖਿੱਚਿਆ ਜਾਂਦਾ ਸੀ। ਆਪ ਜੀ ਦਾ ਬਚਪਨ ਗੁਰੂ-ਪਿਤਾ ਗੁਰੂ ਹਰਿ ਰਾਇ ਸਾਹਿਬ ਦੀ ਨਿਗਰਾਨੀ ਵਿਚ ਬੀਤਿਆ। ਆਪ ਜੀ ਦੀ ਸ਼ਖਸੀਅਤ 'ਤੇ ਗੁਰੂ-ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਸੁਭਾਅ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ। ਆਪ ਜੀ ਆਪਣੇ ਹੱਥੀਂ ਆਈ ਸੰਗਤ ਦੀ ਸੇਵਾ ਕਰਦੇ ਅਤੇ ਆਈ ਸੰਗਤ ਨੂੰ ਪ੍ਰਸ਼ਾਦਾ ਛਕਾਉਣ ਆਦਿ ਦੀ ਸੇਵਾ ਵਿਚ ਲੱਗੇ ਰਹਿੰਦੇ ਸਨ। ਇਸ ਲਈ ਸੰਗਤਾਂ ਆਪ ਜੀ ਨਾਲ ਲਾਡ ਲਡਾਉਂਦੀਆਂ ਸਨ। ਗੁਰੂ ਹਰਿ ਰਾਇ ਸਾਹਿਬ ਜੀ ਦੀ ਰੱਬੀ ਸ਼ਖਸੀਅਤ ਵਾਲੇ ਗੁਣ ਹੌਲੀ-ਹੌਲੀ ਆਪ  ਦੀ ਪਾਵਨ ਸ਼ਖਸੀਅਤ ਦਾ ਹਿੱਸਾ ਬਣਦੇ ਜਾ ਰਹੇ ਸਨ। ਕੋਮਲ ਸੁਭਾਅ ਅਤੇ ਸੰਵੇਦਨਸ਼ੀਲਤਾ ਆਪ ਦੀ ਸ਼ਖਸੀਅਤ ਦੇ ਮੁੱਖ ਗੁਣ ਸਨ। ਆਪ ਜੀ ਦੀ ਅੱਖਰੀ ਵਿਦਿਆ ਗੁਰੂ-ਪਿਤਾ ਜੀ ਦੀ ਨਿਗਰਾਨੀ ਹੇਠ ਪੂਰੀ ਹੋਈ।

**ਪ੍ਰਕਾਸ਼ ਸਮੇਂ ਦੀ ਰਾਜਸੀ ਦਸ਼ਾ :** ਗੁਰੂ ਹਰਿ ਰਾਇ ਸਾਹਿਬ ਜਿਥੇ ਸੰਗਤਾਂ ਨੂੰ ਅਧਿਆਤਮਿਕ ਸ਼ਾਂਤੀ ਦਾ ਰਾਹ ਦਿਖਾ ਰਹੇ ਸਨ, ਉਥੇ ਦੀਨ-ਦੁਖੀਆਂ ਦਾ ਦੁੱਖ ਵੀ ਵੰਡਾਉਂਦੇ ਸਨ। ਆਪ ਜੀ ਪਾਸ ਰੋਗੀ ਆਉਂਦੇ, ਬਰਕਤਾਂ ਪਾ ਕੇ ਤੰਦਰੁਸਤੀ ਪ੍ਰਾਪਤ ਕਰਦੇ। ਆਪ

---

*ਭੱਟ ਵਹੀਆਂ ਵਾਲੀ ਜਨਮ-ਤ੍ਰੀਕ ਅਸੀਂ ਪਾਠਕਾਂ ਦੀ ਜਾਣਕਾਰੀ ਵਾਸਤੇ ਦਿੱਤੀ ਹੈ। ਜਦ ਤੱਕ ਭੱਟ-ਵਹੀਆਂ ਬਾਰੇ ਕੋਈ ਅੰਤਮ ਨਿਰਣਾ ਨਹੀਂ ਹੋ ਜਾਂਦਾ, ਡਾਕਟਰ ਗੰਡਾ ਸਿੰਘ ਤੇ ਹੋਰ ਲੇਖਕਾਂ ਵਾਲੀ ਤ੍ਰੀਕ ਨੂੰ ਹੀ ਠੀਕ ਮੰਨਿਆ ਜਾਣਾ ਚਾਹੀਦਾ ਹੈ। ਭੱਟ-ਵਹੀਆਂ ਨੇ ਛੇਵੇਂ ਅਤੇ ਦਸਵੇਂ ਗੁਰੂ ਸਾਹਿਬਾਂ ਦੀਆਂ ਜਨਮ ਮਿਤੀਆਂ ਵੀ ਆਮ ਲੇਖਕਾਂ ਨਾਲੋਂ ਵੱਖ ਦਿੱਤੀਆਂ ਹਨ। ਕਈ ਇਤਿਹਾਸਕ ਘਟਨਾਵਾਂ ਅਤੇ ਵਿਅਕਤੀਆਂ ਬਾਰੇ ਵੀ ਇਹੀ ਗੱਲ ਢੁੱਕਦੀ ਹੈ। ਭੱਟ ਵਹੀਆਂ ਵਿਚਲੀ ਬ੍ਰਾਹਮਣੀ ਕਰਮ-ਕਾਂਡਾਂ ਦੀ ਹਮਾਇਤ ਵੀ ਭੱਟ ਵਹੀਆਂ ਦੇ ਸਹੀ ਹੋਣ ਬਾਰੇ ਸ਼ੱਕ ਪੈਦਾ ਕਰਦੀ ਹੈ।

ਜੀ ਪਾਸ ਜੋ ਵੀ ਆਇਆ ਸਭ ਨੂੰ ਇਕ ਸਮਾਨ ਮਦਦ ਮਿਲੀ। ਜੇ ਬਾਦਸ਼ਾਹ ਵੀ ਕੋਈ ਚੀਜ਼ ਮੰਗਣ ਆਇਆ, ਉਹ ਉਸ ਨੂੰ ਮਿਲੀ। ਸ਼ਾਹਜਹਾਨ ਦਾ ਚਹੇਤਾ ਪੁੱਤਰ ਦਾਰਾ ਸ਼ਿਕੋਹ ਸੀ। ਜਦੋਂ ਬੀਮਾਰੀ ਕਾਰਨ ਦਾਰਾ ਲਈ ਕੋਈ ਦਵਾਈ ਨਾ ਮਿਲੀ ਤਾਂ ਸ਼ਾਹਜਹਾਨ ਨੇ ਗੁਰੂ ਹਰਿ ਰਾਇ ਸਾਹਿਬ ਪਾਸ ਬੇਨਤੀ ਕੀਤੀ, ਤਾਂ ਗੁਰੂ ਜੀ ਨੇ ਦਵਾਈ ਦੀਆਂ ਦੁਰਲਭ ਚੀਜ਼ਾਂ ਭੇਜੀਆਂ। ਦਾਰਾ ਦਵਾਈ ਨਾਲ ਠੀਕ ਹੋਇਆ। ਉਸਦੇ ਦਿਲ ਵਿਚ ਗੁਰੂ ਸਾਹਿਬ ਲਈ ਪਹਿਲਾਂ ਹੀ ਅਥਾਹ ਅਦਬ-ਸਤਿਕਾਰ ਸੀ, ਜੋ ਹੁਣ ਹੋਰ ਵਧੇਰੇ ਵਧ ਗਿਆ।

ਸ਼ਾਹਜਹਾਨ ਦੀ ਬੀਮਾਰੀ ਕਾਰਨ ਜਦ ਦਾਰਾ, ਸ਼ਾਹਜਹਾਨ ਦੀ ਤਰਫੋਂ ਹੁਕਮ ਜਾਰੀ ਕਰਨ ਲੱਗਾ ਤਾਂ ਔਰੰਗਜ਼ੇਬ ਅਤੇ ਬਾਕੀ ਭਰਾਵਾਂ ਨੇ ਅਨੁਮਾਨ ਲਗਾਇਆ ਕਿ ਸ਼ਾਹਜਹਾਨ ਦੀ ਮੌਤ ਹੋ ਚੁੱਕੀ ਹੈ ਅਤੇ ਦਾਰਾ ਇਹ ਅਸਲੀਅਤ ਛੁਪਾ ਰਿਹਾ ਹੈ। ਔਰੰਗਜ਼ੇਬ ਨੇ ਬਾਕੀ ਭਰਾਵਾਂ ਨੂੰ ਨਾਲ ਮਿਲਾ ਕੇ ਦਾਰਾ ਤੇ ਚੜ੍ਹਾਈ ਕਰ ਦਿੱਤੀ। ਦਾਰਾ ਨੇ ਪਹਿਲਾਂ ਤਾਂ ਮੁਕਾਬਲਾ ਕੀਤਾ, ਪਰ ਔਰੰਗਜ਼ੇਬ ਪਾਸ ਜ਼ਿਆਦਾ ਫੌਜੀ ਸ਼ਕਤੀ ਸੀ, ਇਸ ਲਈ ਦਾਰਾ ਤਖ਼ਤ ਛੱਡ ਕੇ ਪੰਜਾਬ ਵੱਲ ਦੌੜਿਆ। ਪੰਜਾਬ ਉਸ ਦਾ ਘਰ ਵੀ ਸੀ ਅਤੇ ਉਸ ਦੀ ਇਥੇ ਵਫ਼ਾਦਾਰ ਸਾਥੀਆਂ ਦੀ ਫੌਜ ਵੀ ਸੀ। ਔਰੰਗਜ਼ੇਬ ਨੇ ਆਪਣੇ ਬਾਪ ਨੂੰ 18 ਜੂਨ 1658 ਨੂੰ ਕੈਦੀ ਬਣਾ ਲਿਆ ਅਤੇ ਦਾਰਾ ਦਾ ਪਿੱਛਾ ਕਰਦਾ ਪੰਜਾਬ ਵੱਲ ਨੂੰ ਮੁੜਿਆ। ਦਾਰਾ ਸਭ ਤੋਂ ਪਹਿਲਾਂ ਕੀਰਤਪੁਰ ਸਾਹਿਬ ਆਇਆ ਪਰ ਗੁਰੂ ਸਾਹਿਬ ਗੋਇੰਦਵਾਲ ਸਨ, ਇਸ ਲਈ ਗੋਇੰਦਵਾਲ ਪਹੁੰਚ ਗਿਆ ਅਤੇ ਬੇਨਤੀ ਕੀਤੀ ਕਿ ਔਰੰਗਜ਼ੇਬ ਦੀਆਂ ਫੌਜਾਂ ਨੂੰ ਬਿਆਸ ਦਰਿਆ ਤੇ ਦੋ ਪਹਿਰ ਰੋਕਿਆ ਜਾਵੇ। ਗੁਰੂ ਸਾਹਿਬ ਨੇ ਆਪਣੀ ਫੌਜ ਨੂੰ ਦਰਿਆ ਬਿਆਸ ਦੇ ਪੱਤਣ ਤੇ ਲਿਆ ਖੜ੍ਹਾ ਕੀਤਾ। ਸਿੱਖ ਸੈਨਿਕਾਂ ਨੇ ਸਾਰੀਆਂ ਕਿਸ਼ਤੀਆਂ ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਸਰਕਾਰੀ ਫੌਜ ਨੂੰ ਦਰਿਆ ਪਾਰ ਕਰਨ ਤੋਂ ਦੋ ਪਹਿਰ ਰੋਕੀ ਰੱਖਿਆ। ਦਾਰਾ ਨੂੰ ਫੜਨ ਲਈ ਔਰੰਗਜ਼ੇਬ ਨੇ ਚਲਾਕੀ ਅਤੇ ਫਰੇਬ ਦੀ ਮਦਦ ਲਈ ਅਤੇ ਦਾਰਾ ਨੂੰ ਉਸ ਦੇ ਸਾਥੀਆਂ ਵਿਚ ਸ਼ੱਕੀ ਬਣਾ ਦਿੱਤਾ, ਜਿਸ ਕਰਨ ਸਿੰਧ ਦੇ ਸਰਦਾਰ ਮਲਕ ਜੀਵਨ ਜੂਨਾ, ਜਿਸ ਪਾਸ ਦਾਰਾ ਰਹਿ ਰਿਹਾ ਸੀ, ਨੇ ਹੀ ਦਾਰਾ ਨੂੰ ਜ਼ੰਜੀਰਾਂ ਵਿਚ ਜਕੜ ਕੇ ਦਿੱਲੀ ਔਰੰਗਜ਼ੇਬ ਪਾਸ ਭੇਜ ਦਿੱਤਾ, ਜਿਥੇ ਅਤਿ ਜ਼ਲੀਲ ਕਰਨ ਤੋਂ ਬਾਅਦ ਕਤਲ ਕਰ ਦਿੱਤਾ ਗਿਆ।

**ਧੀਰ ਮੱਲ ਦੀ ਸ਼ਿਕਾਇਤ** : ਰਾਜਸੀ ਪ੍ਰਸਥਿਤੀਆਂ ਦੀ ਆੜ ਵਿਚ ਧੀਰ ਮੱਲ ਨੇ ਔਰੰਗਜ਼ੇਬ ਪਾਸ ਗੁਰੂ ਹਰਿ ਰਾਇ ਸਾਹਿਬ ਦੀ ਸ਼ਿਕਾਇਤ ਕਰ ਦਿੱਤੀ ਕਿ ਵੱਡਾ ਹੋਣ ਕਰਕੇ ਗੁਰਿਆਈ ਦਾ ਹੱਕ ਉਸ ਦਾ ਬਣਦਾ ਹੈ, ਜਦੋਂ ਕਿ ਉਸ ਦਾ ਛੋਟਾ ਭਰਾ (ਗੁਰੂ ਹਰਿ ਰਾਇ ਜੀ) ਗੁਰਗੱਦੀ ਸਾਂਭੀ ਬੈਠਾ ਹੈ। ਉਸ ਨੂੰ ਉਸਦਾ ਬਣਦਾ ਹੱਕ ਦਿਵਾਇਆ ਜਾਵੇ। ਔਰੰਗਜ਼ੇਬ ਨੇ ਧੀਰ ਮੱਲ ਦੀ ਇਸ ਸ਼ਿਕਾਇਤ ਵੱਲ ਕੋਈ ਧਿਆਨ ਨਾ ਦਿੱਤਾ। ਫਿਰ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ। ਔਰੰਗਜ਼ੇਬ ਨੇ ਪੰਜਾਬ ਦੇ ਖਲੀਲ ਉੱਲਾ ਖ਼ਾਨ ਨੂੰ ਮਾਮਲਾ ਨਜਿੱਠਣ ਲਈ ਆਖਿਆ ਪਰ ਉਹ ਆਪ ਹੀ ਮਰ ਗਿਆ। ਫਿਰ ਔਰੰਗਜ਼ੇਬ ਨੇ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਆਉਣ ਲਈ ਬੁਲਾਵਾ ਭੇਜਿਆ। ਗੁਰੂ ਸਾਹਿਬ ਨੇ ਸੰਗਤ ਨਾਲ ਸਲਾਹ ਕਰਕੇ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਔਰੰਗਜ਼ੇਬ ਬਹੁਤ ਸਟਪਟਾਇਆ। ਉਸਨੇ ਪੇਸ਼ ਹੋਣ ਲਈ ਦੁਬਾਰਾ ਚਿੱਠੀ ਭੇਜੀ। ਰਾਜਾ ਜੈ ਸਿੰਘ ਅਤੇ ਰਾਜਪੂਤ ਰਾਜਿਆਂ ਨੇ ਕਿਹਾ ਕਿ ਨਿਮਰਤਾ ਸਹਿਤ ਲਿਖੋ, ਗੁਰੂ ਜੀ ਜ਼ਰੂਰ

ਆਉਣਗੇ।

**ਰਾਮ ਰਾਇ ਨੂੰ ਦਿੱਲੀ ਭੇਜਣਾ** : ਔਰੰਗਜ਼ੇਬ ਵਲੋਂ ਨਿਮਰਤਾ ਵਾਲੀ ਚਿੱਠੀ ਪਾ ਕੇ ਗੁਰੂ ਹਰਿ ਰਾਇ ਸਾਹਿਬ ਨੇ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਫੈਸਲਾ ਕੀਤਾ। ਬਾਬਾ ਜੀ ਅਜੇ ਚੜ੍ਹਦੀ ਜੁਆਨੀ ਵਿਚ ਹੀ ਸਨ। ਗੁਰਮਤਿ ਤੋਂ ਜਾਣੂੰ ਹੋਣ ਦੇ ਨਾਲ-ਨਾਲ ਉਹ ਬੁੱਧੀਮਾਨ ਅਤੇ ਹਾਜ਼ਰ-ਜਵਾਬ ਸਨ। ਉਹਨਾਂ ਨੂੰ ਦਿੱਲੀ ਵੱਲ ਤੋਰਨ ਸਮੇਂ ਗੁਰੂ ਹਰਿ ਰਾਇ ਜੀ ਨੇ ਥਾਪੜਾ ਦਿੱਤਾ ਤੇ ਫੁਰਮਾਇਆ—'ਅਕਾਲ ਪੁਰਖ ਤੇ ਗੁਰੂ ਨਾਨਕ ਤੇਰੇ ਅੰਗ-ਸੰਗ ਹਨ ਇਸ ਲਈ ਘਬਰਾਉਣਾ ਨਹੀਂ। ਬਾਦਸ਼ਾਹ ਔਰੰਗਜ਼ੇਬ ਦੇ ਪ੍ਰਸ਼ਨਾਂ ਦਾ ਉੱਤਰ ਧੀਰਜ ਨਾਲ ਦੇਣਾ। ਸ਼ਾਹੀ ਠਾਠ-ਬਾਠ ਤੋਂ ਪ੍ਰਭਾਵਿਤ ਨਹੀਂ ਹੋਣਾ। ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਦਾ ਨਾਮ ਰੌਸ਼ਨ ਕਰਨਾ ਹੈ।' ਉਨ੍ਹਾਂ ਦੇ ਨਾਲ 25 ਕੁ ਘੋੜ-ਸਵਾਰ ਸਿੱਖ ਤੋਰੇ ਗਏ।

ਬਾਬਾ ਰਾਮ ਰਾਇ ਦੀ ਵਿਦਵਤਾ ਦਾ ਔਰੰਗਜ਼ੇਬ ਤੇ ਚੰਗਾ ਅਸਰ ਪਿਆ। ਸਿੱਖ ਇਤਿਹਾਸਕਾਰਾਂ ਅਨੁਸਾਰ ਬਾਦਸ਼ਾਹ ਨੇ ਬਾਬਾ ਰਾਮ ਰਾਇ ਦੀ ਅਜ਼ਮਤ ਪਰਖਣ ਲਈ ਅਜ਼ਮਾਇਸ਼ਾਂ ਕੀਤੀਆਂ ਤੇ ਬਾਬਾ ਜੀ ਹਰੇਕ ਅਜ਼ਮਾਇਸ਼ ਵਿਚ ਪੂਰੇ ਉਤਰਦੇ ਰਹੇ। ਇਸ ਕਾਰਨ ਔਰੰਗਜ਼ੇਬ ਉਨ੍ਹਾਂ ਦੀ ਕਦਰ ਕਰਨ ਲੱਗਾ। ਦਰਬਾਰੀ ਕਾਜ਼ੀਆਂ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਗੁਰੂ ਸਾਹਿਬਾਨ ਤੇ ਸਿੱਖਾਂ ਵਿਰੁੱਧ ਬਾਦਸ਼ਾਹ ਦੇ ਕੰਨ ਭਰਦੇ ਰਹਿੰਦੇ ਸਨ। ਕਾਜ਼ੀਆਂ ਦੀ ਪ੍ਰੇਰਨਾ 'ਤੇ ਔਰੰਗਜ਼ੇਬ ਨੇ ਬਾਬਾ ਰਾਮ ਰਾਇ ਤੋਂ ਪੁੱਛਿਆ ਕਿ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨਾਂ ਬਾਰੇ ਜੋ ਲਿਖਿਆ ਹੈ : **"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ"** ਇਸ ਦਾ ਕੀ ਅਰਥ ਹੈ? ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਬਾਬਾ ਰਾਮ ਰਾਇ ਨੇ ਆਖ ਦਿੱਤਾ : ਗੁਰੂ ਜੀ ਨੇ ਤਾਂ "ਮਿਟੀ ਬੇਈਮਾਨ" ਕੀ ਉਚਾਰਿਆ ਸੀ, ਲਿਖਾਰੀ ਦੀ ਭੁੱਲ ਨਾਲ "ਮਿਟੀ ਮੁਸਲਮਾਨ" ਕੀ ਲਿਖਿਆ ਗਿਆ ਹੈ। ਇਸ ਨਾਲ ਔਰੰਗਜ਼ੇਬ ਦੀ ਤਾਂ ਤਸੱਲੀ ਹੋ ਗਈ ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਤੁਕ ਵਿਚ ਤਬਦੀਲੀ ਕਰਨੀ ਇਕ ਅਜਿਹਾ ਗੁਨਾਹ ਸੀ ਜੋ ਬਖ਼ਸ਼ਿਆ ਨਹੀਂ ਸੀ ਜਾ ਸਕਦਾ। ਇਸ ਲਈ ਗੁਰੂ ਹਰਿ ਰਾਇ ਜੀ ਨੇ ਬਾਬਾ ਰਾਮ ਰਾਇ ਨੂੰ ਹੁਕਮ ਕੀਤਾ ਕਿ ਸਾਡੇ ਮੱਥੇ ਨਾ ਲੱਗੇ, ਜਿਧਰ ਮੂੰਹ ਹੈ ਉਧਰ ਹੀ ਜਾਵੇ। ਇਹ ਪਤਾ ਲੱਗਣ ਤੇ ਔਰੰਗਜ਼ੇਬ ਬਹੁਤ ਖੁਸ਼ ਹੋਇਆ, ਉਸ ਦਾ ਨਿਸ਼ਾਨਾ ਗੁਰੂ ਘਰ ਵਿਚ ਫੁੱਟ ਪਾਉਣਾ ਹੀ ਸੀ। ਇਸ ਫੁੱਟ ਨੂੰ ਹੋਰ ਪੱਕੀ ਕਰਨ ਲਈ ਉਸ ਨੇ ਬਾਬਾ ਰਾਮ ਰਾਇ ਨੂੰ ਜਾਗੀਰ ਦੇ ਦਿੱਤੀ।

**ਗੁਰਿਆਈ** : ਗੁਰੂ ਹਰਿ ਰਾਇ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਦੀ ਕੋਝੀ ਹਰਕਤ ਕਾਰਨ ਉਸ ਨੂੰ ਮੱਥੇ ਨਹੀਂ ਸੀ ਲਾਇਆ। ਇਸ ਲਈ ਗੁਰੂ ਹਰਿ ਰਾਇ ਜੀ ਨੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਬਖ਼ਸ਼ ਦਿੱਤੀ। ਸਿੱਖਾਂ ਵਾਸਤੇ ਭਾਰੀ ਪਰਖ ਵਾਲਾ ਸਮਾਂ ਸੀ, 6 ਅਕਤੂਬਰ 1661 ਈ: ਨੂੰ ਗੁਰੂ ਹਰਿ ਰਾਇ ਸਾਹਿਬ ਜੀ ਜੋਤਿ ਜੋਤ ਸਮਾ ਗਏ। ਉਸ ਸਮੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਉਮਰ ਸਿਰਫ਼ ਸਵਾ ਪੰਜ ਸਾਲ ਦੀ ਹੀ ਸੀ। ਡਾ. ਫੌਜਾ ਸਿੰਘ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਤੇ 'ਛੋਟੀ ਉਮਰ ਤੇ ਵੱਡੀ ਅਕਲ' ਦੀ ਅਖਾਉਤ ਪੂਰਨ ਭਾਂਤ ਢੁੱਕਦੀ ਹੈ ਕਿਉਂਕਿ ਇਹਨਾਂ ਨੇ 1661 ਤੋਂ 1664 ਈ: ਤੱਕ ਸਿੱਖ ਸਮਾਜ ਦੀ ਰਾਹਨੁਮਾਈ ਕੀਤੀ ਅਤੇ ਉਸ (ਸਿੱਖ ਸਮਾਜ) ਦੀ ਪਾਲਣਾ-ਪੋਸਣਾ ਕੀਤੀ। ਉਨ੍ਹਾਂ ਨੇ ਗੁਰਿਆਈ ਦੀ ਜ਼ਿੰਮੇਵਾਰੀ ਨੂੰ ਪਹਿਲੇ ਗੁਰੂ-ਸਾਹਿਬਾਨ ਦੀ ਤਰ੍ਹਾਂ ਸਫ਼ਲਤਾ ਸਹਿਤ ਨਿਭਾਇਆ।

**ਗੁਰੂ ਜੋਤਿ ਦਾ ਵਰਤਾਰਾ** : ਭਾਵੇਂ ਗੁਰੂ ਹਰਿਕ੍ਰਿਸ਼ਨ ਜੀ ਉਮਰ ਵਿਚ ਬਹੁਤ ਛੋਟੇ ਸਨ ਪਰ ਆਪ ਇਸ ਸੰਸਾਰ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਹਾਜ਼ਰਾ-ਹਜ਼ੂਰ ਜੋਤਿ ਹੋ ਕੇ ਵਿਚਰ ਰਹੇ ਸਨ। ਦੋਖੀਆਂ ਵਲੋਂ ਥਾਂ-ਥਾਂ ਇਹ ਭੁਲੇਖਾ ਪਾਇਆ ਜਾਂਦਾ ਸੀ ਕਿ ਗੁਰੂ ਬਾਲਕ ਹੈ, ਸਿੱਖ-ਸੰਗਤਾਂ ਦੀ ਅਗਵਾਈ ਨਹੀਂ ਕਰ ਸਕੇਗਾ। ਪਰ ਇਸ ਪ੍ਰਚਾਰ ਨਾਲ ਸਿੱਖਾਂ ਦੀ ਸ਼ਰਧਾ ਤੇ ਗੁਰੂ ਜੀ ਪ੍ਰਤਿ ਪਿਆਰ ਉਤੇ ਕੋਈ ਫ਼ਰਕ ਨਾ ਪਿਆ। ਗੁਰੂ ਦਰਬਾਰ ਦੀ ਰੌਣਕ ਸਗੋਂ ਹੋਰ ਵਧ ਗਈ। ਦੂਰੋਂ ਨੇੜਿਉਂ ਆਈਆਂ ਸੰਗਤਾਂ ਆਪ ਜੀ ਦੇ ਦਰਸ਼ਨ ਕਰਦੀਆਂ। ਆਪ ਜੀ ਅਧਿਆਤਮਿਕ ਸੇਧ ਦਿੰਦੇ। ਸਿੱਖਾਂ ਦੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਅਤੇ ਉਨ੍ਹਾਂ ਦੇ ਤੌਖਲੇ ਦੂਰ ਕਰਦੇ। ਆਪ ਜੀ ਅੰਮ੍ਰਿਤ ਵੇਲੇ ਉਠਦੇ, ਸ਼ੌਚਾਚਾਰ ਪਿਛੋਂ ਪ੍ਰਭੂ-ਸਿਮਰਨ ਵਿਚ ਜੁੜ ਜਾਂਦੇ ਤੇ ਫਿਰ ਗੁਰਬਾਣੀ ਦਾ ਪਾਠ ਕਰਦੇ। ਨਿਤਨੇਮ ਸੰਪੂਰਨ ਕਰਕੇ ਸੰਗਤ ਵਿਚ ਆ ਕੇ ਪਾਠ ਸੁਣਦੇ, ਪਿਛੋਂ ਕੀਰਤਨ ਆਰੰਭ ਹੋ ਜਾਂਦਾ। ਕੀਰਤਨ ਦੀ ਸਮਾਪਤੀ ਉਪਰੰਤ ਆਪ ਜੀ ਬਚਨ ਸੁਣਾਉਂਦੇ, ਗੁਰਬਾਣੀ ਦੀ ਕਥਾ ਹੁੰਦੀ। ਦੀਵਾਨ ਦੀ ਸਮਾਪਤੀ ਮਗਰੋਂ ਲੰਗਰ ਵਰਤਾਇਆ ਜਾਂਦਾ। ਆਪ ਜੀ ਦੇ ਕੋਮਲ ਹਿਰਦੇ ਤੇ ਗੁਰੂ ਪਿਤਾ ਹਰਿ ਰਾਇ ਸਾਹਿਬ ਦਾ ਪ੍ਰਭਾਵ ਸੀ। ਇਸ ਲਈ ਆਪ ਜੀ ਦੀਨ-ਦੁਖੀਆਂ ਦੇ ਦੁੱਖ ਸੁਣਦੇ, ਉਹਨਾਂ ਦਾ ਦਰਦ ਵੰਡਾਉਂਦੇ, ਪੰਛੀਆਂ ਤੇ ਪਸ਼ੂਆਂ ਦੀ ਦੇਖ-ਰੇਖ ਆਪ ਕਰਵਾਉਂਦੇ ਸਨ। ਸ਼ਫ਼ਾਖਾਨੇ (ਹਸਪਤਾਲ) ਆਪ ਰੋਜ਼ ਜਾਂਦੇ ਅਤੇ ਰੋਗੀਆਂ ਦੇ ਰੋਗ ਖੰਡਨ ਲਈ ਦਵਾਈ ਅਤੇ ਅਸੀਸਾਂ ਦੇਂਦੇ।

ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਵਿਚ ਇਕ ਵਾਰਤਾ ਲਿਖੀ ਹੈ ਕਿ ਇਕ ਵਾਰੀ ਆਪ ਜੀ ਪਾਲਕੀ ਤੇ ਸਵਾਰ ਹੋ ਕੇ ਸ਼ਫ਼ਾਖਾਨੇ ਜਾ ਰਹੇ ਸਨ। ਇਕ ਕੋਹੜੀ, ਬ੍ਰਾਹਮਣਾਂ ਦਾ ਸਿਖਾਇਆ ਹੋਇਆ ਪਾਲਕੀ ਦੇ ਅੱਗੇ ਲੇਟ ਗਿਆ ਤੇ ਉੱਚੀ ਉੱਚੀ **'ਰੋਗੀ ਕਾ ਪ੍ਰਭ ਖੰਡਹੁ ਰੋਗ'** ਉਚਾਰਨ ਲੱਗਾ। ਉਸਦੀ ਦੀਨ ਦਸ਼ਾ ਦੇਖ ਕੇ ਆਪ ਜੀ ਪਾਲਕੀ 'ਚੋਂ ਉਤਰੇ। ਉਸ ਵੱਲ ਪਿਆਰ ਤੇ ਕਰੁਣਾ ਭਰੀ ਨਜ਼ਰ ਨਾਲ ਤੱਕਿਆ। ਉਸ ਨਾਲ ਇਤਨੀ ਆਤਮਿਕਤਾ ਅਤੇ ਹਮਦਰਦੀ ਭਰੇ ਬਚਨਾਂ ਨਾਲ ਗੱਲ ਕੀਤੀ ਕਿ ਉਹ ਇਤਨਾ ਪਿਆਰ ਤੇ ਦੁਲਾਰ ਪਾ ਕੇ ਹੈਰਾਨ ਰਹਿ ਗਿਆ। ਉਸ ਦੇ ਅੰਦਰ ਦੀ ਛੁਪੀ ਹੋਈ ਆਤਮਿਕ ਸ਼ਕਤੀ ਜਾਗ ਪਈ ਤੇ ਉਸ ਅੰਦਰ ਇਕ ਨਵਾਂ ਉਤਸ਼ਾਹ ਜਾਗ ਪਿਆ। ਉਸ ਦੇ ਅੰਦਰ ਉਤਸ਼ਾਹ ਤੇ ਜੀਣ ਦੀ ਲਾਲਸਾ ਜਾਗ ਪਈ। ਗੁਰੂ ਜੀ ਨੇ ਉਸ ਨੂੰ ਆਪਣਾ ਰੁਮਾਲ ਦਿੱਤਾ। ਉਸ ਰੋਗੀ ਨੂੰ ਆਪ ਨੇ ਬਚਨ ਕੀਤਾ ਕਿ ਉਹ ਅਕਾਲ ਪੁਰਖ ਦਾ ਸਿਮਰਨ ਕਰੇ, ਬਾਣੀ ਪੜ੍ਹੇ, ਦਵਾਈ ਖਾਵੇ ਤੇ ਰੁਮਾਲ ਨੂੰ ਆਪਣੇ ਸਰੀਰ ਤੇ ਫੇਰਿਆ ਕਰੇ। ਇਸ ਤਰ੍ਹਾਂ ਕਰਨ ਨਾਲ ਹਰ ਰੋਜ਼ ਉਸ ਨੇ ਆਪਣੇ ਵਿਚ ਤੰਦਰੁਸਤੀ ਆਉਂਦੀ ਮਹਿਸੂਸ ਕੀਤੀ ਤੇ ਕੁਝ ਹੀ ਦਿਨਾਂ ਵਿਚ ਉਹ ਨਰੋਆ ਹੋ ਗਿਆ। ਇਹ ਦੇਖ ਕੇ ਫਿਰ ਬੇਅੰਤ ਰੋਗੀ ਆਉਣ ਲੱਗ ਪਏ। ਗੁਰੂ ਜੀ ਦੀ ਮਿਹਰ ਸਦਕਾ ਰਾਜ਼ੀ ਹੋ ਕੇ ਮੁੜਦੇ ਸਨ। ਇਤਿਹਾਸ ਵਿਚ ਆਉਂਦਾ ਹੈ ਕਿ ਇਸ ਨਾਲ ਬ੍ਰਾਹਮਣਾਂ ਦੀਆਂ ਉਮੀਦਾਂ ਨੂੰ ਕਾਫੀ ਖੋਰਾ ਲੱਗਿਆ।

**ਬ੍ਰਹਮ ਗਿਆਨ ਦੀ ਮੂਰਤ** : ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਦੇ ਦਰਬਾਰ ਦੀ ਦਿੱਖ ਅਤੇ ਛਬਿ ਦਾ ਸਿੱਖ ਇਤਿਹਾਸਕਾਰਾਂ ਨੇ ਵਰਣਨ ਕੀਤਾ ਹੈ। ਕੀਰਤਨ ਸੁਣਨ ਤੇ ਕਥਾ ਪਿਛੋਂ ਗੁਰੂ ਜੀ ਦਰਬਾਰ ਲਗਾਂਦੇ। ਝਾਲਰਾਂ ਵਾਲੇ ਚੰਦੋਏ ਹੇਠਾਂ ਦਰਬਾਰ ਸਜਦਾ। ਫਰਸ਼ ਮਖਮਲੀ ਹੁੰਦਾ। ਆਪ ਜੀ ਦਾ ਇਕ ਉੱਚਾ ਤਖ਼ਤ ਸਜਾਇਆ ਜਾਂਦਾ ਸੀ। ਘੋੜ ਸਵਾਰਾਂ

ਦਾ ਦਸਤਾ ਜਿਨ੍ਹਾਂ ਦੀ ਗਿਣਤੀ 2200 ਸੀ, ਕਾਇਮ ਸੀ। ਉਹ ਥਾਂ-ਥਾਂ 'ਤੇ ਪਹਿਰਾ ਦਿੰਦੇ ਦਰਬਾਰ ਵਿਚ ਖੱਬੇ ਪਾਸੇ ਬੈਠਦੇ ਸਨ। ਆਪ ਜੀ ਦਾ ਆਈਆਂ ਭੇਟਾਵਾਂ ਬਾਰੇ ਹੁਕਮ ਸੀ ਕਿ ਰਸਦਾਂ ਲੰਗਰ ਵਿਚ ਪਹੁੰਚਾ ਦਿੱਤੀਆਂ ਜਾਣ ਅਤੇ ਧਨ ਅਤੇ ਬਾਕੀ ਵਸਤਾਂ ਲੋੜਵੰਦਾਂ ਵਿਚ ਵੰਡ ਦਿੱਤੀਆਂ ਜਾਣ। ਆਪ ਜੀ ਬਾਰੀਕ ਕੱਪੜੇ ਦੇ ਬਸਤਰ ਪਾਉਂਦੇ ਸਨ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਆਪ ਜੀ ਬ੍ਰਹਮ-ਗਿਆਨ; ਭਾਵ, ਅਕਾਲ ਪੁਰਖ ਦੇ ਗਿਆਨ ਦੀ ਮੂਰਤ ਸਨ। ਗੁਰੂ ਦਰਬਾਰ ਦੀ ਮਹਿਮਾ ਦੂਰ-ਦੂਰ ਤੱਕ ਫੈਲ ਰਹੀ ਸੀ। ਸਾਰਾ ਸਿੱਖ ਜਗਤ ਗੁਰੂ-ਜੋਤਿ ਦਾ ਪੁਜਾਰੀ ਹੋ ਗਿਆ ਸੀ। ਗੁਰੂ ਦਰਬਾਰ ਦੀ ਸ਼ੋਭਾ ਇਤਨੀ ਦਿਲ ਖਿੱਚਵੀਂ ਸੀ ਕਿ ਹਰ ਕੋਈ ਆਤਮਿਕ ਰੰਗ ਵਿਚ ਰੰਗਿਆ ਜਾਂਦਾ ਸੀ।

**ਬਾਬਾ ਰਾਮ ਰਾਇ ਦੀ ਸ਼ਿਕਾਇਤ** : ਬਾਬਾ ਰਾਮ ਰਾਇ ਨੂੰ ਇਹ ਦੁੱਖ ਸੀ ਕਿ ਗੁਰੂ ਹਰਿਕ੍ਰਿਸ਼ਨ ਜੀ ਚੈਨ ਨਾਲ ਕੀਰਤਪੁਰ ਵਿਖੇ ਬਿਰਾਜਮਾਨ ਹਨ। ਰੂਹਾਨੀ ਵਿਚਾਰਧਾਰਾ ਦੀ ਪ੍ਰਭਾ ਦੇਖ ਸਭ ਅਸਚਰਜ ਸਨ। ਪ੍ਰੋ. ਸਾਹਿਬ ਸਿੰਘ ਅਨੁਸਾਰ ਕੁਝ ਮਸੰਦਾਂ ਵਿਚ ਗਿਰਾਵਟ ਆ ਗਈ। ਇਹ ਸਿੱਖਾਂ ਵਲੋਂ ਆਈਆਂ ਭੇਟਾਵਾਂ ਨੂੰ ਆਪਣੇ ਲਈ ਵਰਤਣ ਦੇ ਆਹਰ ਵਿਚ ਰੁਝ ਗਏ। ਗੁਰੂ ਜੀ ਵਲੋਂ ਖੁੰਝ ਕੇ ਨਿਜੀ ਪ੍ਰਭਤਾ-ਵਡਿਆਈ ਵਿਚ ਫਸ ਗਏ। ਗੁਰੂ ਘਰ ਦੀ ਸ਼ੋਭਾ ਕਾਰਨ ਮਸੰਦਾਂ ਨੇ ਬਾਬਾ ਰਾਮ ਰਾਇ ਨੂੰ ਚੁੱਕਿਆ। ਇਤਿਹਾਸ ਉਹਨਾਂ ਦੇ ਮੋਢੀ ਦਾ ਨਾਮ ਗੁਰਦਾਸ ਦੱਸਦਾ ਹੈ। ਬਾਬਾ ਰਾਮ ਰਾਇ ਨੇ ਬਾਦਸ਼ਾਹ ਪਾਸ ਗੱਦੀ ਦਿਵਾਉਣ ਲਈ ਸ਼ਿਕਾਇਤ ਕਰ ਦਿੱਤੀ। ਔਰੰਗਜ਼ੇਬ ਭਾਵੇਂ ਇਸ ਮਾਮਲੇ ਤੇ ਚੁੱਪ ਹੀ ਸੀ ਪਰ ਮਸੰਦ ਗੁਰਦਾਸ ਵਲੋਂ ਪੜ੍ਹਾਈ ਪੱਟੀ, ਔਰੰਗਜ਼ੇਬ ਲਈ ਬੜੀ ਚੰਗੀ ਗੱਲ ਸੀ। ਰਾਮ ਰਾਇ ਨੇ ਇਹ ਆਖ ਦਿੱਤਾ ਕਿ ਪੰਜ ਸਾਲ ਦਾ ਬਾਲਕ ਕੀ ਸਿੱਖ ਕੌਮ ਨੂੰ ਕਾਬੂ ਰੱਖ ਸਕੇਗਾ? ਇਸ ਸਮੇਂ ਦਾ ਸ਼ਰਾਰਤੀ ਲੋਕ ਲਾਭ ਉਠਾਉਣਗੇ ਅਤੇ ਦੇਸ਼ ਵਿਚ ਗੜਬੜ ਹੋ ਸਕਦੀ ਹੈ। ਔਰੰਗਜ਼ੇਬ ਨੇ ਇਸ ਫੁੱਟ ਨੂੰ ਹੋਰ ਹੱਲਾਸ਼ੇਰੀ ਦੇ ਕੇ ਗੁਰੂ ਘਰ ਨੂੰ ਕਮਜ਼ੋਰ ਕਰਨ ਦੀ ਨੀਤੀ ਦੀ ਵਰਤੋਂ ਕੀਤੀ। ਔਰੰਗਜ਼ੇਬ ਪੱਕਾ ਮੁਸਲਮਾਨ ਹੋਣ ਕਾਰਨ ਨਿਮਾਜ਼, ਰੋਜ਼ੇ, ਸ਼ਰਹ ਦੇ ਹਰੇਕ ਨਿਯਮ ਦੀ ਤਨੋਂ-ਮਨੋਂ ਪਾਲਣਾ ਕਰਦਾ ਸੀ। ਉਹਨੀਂ ਦਿਨੀਂ ਗਰਮੀ ਬੜੀ ਪਈ। ਔਰੰਗਜ਼ੇਬ ਰੋਜ਼ਿਆਂ ਵਿਚ ਅੱਧੀ-ਅੱਧੀ ਰਾਤ ਤੱਕ ਨਿਮਾਜ਼ ਪੜ੍ਹਨ ਕਾਰਨ ਬੀਮਾਰ ਹੋ ਗਿਆ। ਕੁਝ ਸਮਾਂ ਉਸ ਨੇ ਕਸ਼ਮੀਰ ਵਿਚ ਬਿਤਾਇਆ ਜਿਸ ਕਰਕੇ ਉਹ ਇਸ ਸਮੇਂ ਦੌਰਾਨ ਗੁਰੂ ਘਰ ਲਈ ਕੋਈ ਮੁਸੀਬਤ ਖੜ੍ਹੀ ਨਾ ਕਰ ਸਕਿਆ। ਇਹ ਗੱਲ 10 ਅਪ੍ਰੈਲ 1662 ਤੋਂ 18 ਜਨਵਰੀ 1664 ਤੱਕ ਦੀ ਹੈ। ਉਹ ਦਿੱਲੀ ਤੋਂ ਚੱਲ ਕੇ 8 ਫਰਵਰੀ ਸੰਨ 1663 ਨੂੰ ਲਾਹੌਰ ਵਿਚ ਆ ਗਿਆ। ਕੋਈ ਤਿੰਨ ਕੁ ਮਹੀਨੇ ਲਾਹੌਰ ਵਿਖੇ ਮੁਕਾਮ ਕਰਨ ਤੋਂ ਬਾਅਦ ਤਿੰਨ ਮਹੀਨੇ ਕਸ਼ਮੀਰ ਵਿਖੇ ਬਿਤਾਏ। ਸਤੰਬਰ ਦੇ ਅੰਤ ਵਿਚ ਲਾਹੌਰ ਆਇਆ। ਫਿਰ ਲਾਹੌਰ ਠਹਿਰਿਆ ਅਤੇ 18 ਜਨਵਰੀ 1664 ਨੂੰ ਦਿੱਲੀ ਵਾਪਸ ਪੁੱਜਾ।

**ਗੁਰੂ ਦਰਬਾਰ ਨਾਲ ਸਿੱਖਾਂ ਦੀ ਸਾਂਝ** : ਗੁਰੂ ਹਰਿਕ੍ਰਿਸ਼ਨ ਜੀ ਦਾ ਦਰਬਾਰ ਇਕ ਅਜਿਹਾ ਰੂਹਾਨੀ ਕੇਂਦਰ ਬਣ ਚੁੱਕਿਆ ਸੀ ਜਿਸ ਵਿਚ ਦੁਬਿਧਾ ਦਾ ਕੋਈ ਅੰਸ਼ ਵੀ ਮੌਜੂਦ ਨਹੀਂ ਸੀ। ਸਿੱਖ ਸੰਗਤਾਂ ਵਿਚ ਦਰਸ਼ਨਾਂ ਦਾ ਚਾਅ ਇਤਨਾ ਸੀ ਕਿ ਜਥੇ ਬਣਾ ਬਣਾ ਕੀਰਤਪੁਰ ਪੁੱਜ ਰਹੇ ਸਨ। ਮਾਲਵੇ ਜਾਂ ਮਾਝੇ ਦੀ ਸੰਗਤ ਹੀ ਨਹੀਂ ਸੀ ਆ ਰਹੀ, ਸਗੋਂ ਦੂਰ-ਦੁਰਾਡੇ ਇਲਾਕਿਆਂ ਤੋਂ ਵੀ ਸੰਗਤ ਆ ਰਹੀ ਸੀ। ਲੰਮਾ ਦੇਸ਼ ਜੋ ਕਿ ਮਹਾਨ ਕੋਸ਼

ਅਨੁਸਾਰ ਪੇਸ਼ਾਵਰ-ਅਟਕ ਆਦਿ ਦੇ ਇਲਾਕੇ ਦਾ ਉੱਤਰੀ ਪੱਛਮੀ ਇਲਾਕਾ ਸੀ, ਤੋਂ ਸੰਗਤਾਂ ਆਈਆਂ ਸਨ। ਇਹਨਾਂ ਵਿਚ ਜਸਵੰਤ ਰਾਇ ਸੀ ਜੋ ਜੇਬ ਕੱਟਣ, ਚੋਰੀ ਕਰਨ, ਮਾਲ ਚੁੱਕਣ ਆਦਿ ਦੇ ਵਿਚਾਰ ਨਾਲ ਆਇਆ ਸੀ। ਪਰ ਉਸ ਨੂੰ ਕੀ ਪਤਾ ਸੀ ਕਿ ਗੁਰੂ ਸਾਹਿਬ ਨੇ ਪਹਿਲੀ ਤੱਕਣੀ ਨਾਲ ਉਸ ਦੇ ਜੀਵਨ ਦੀ ਰੌਅ ਹੀ ਬਦਲ ਦੇਣੀ ਹੈ। ਇਸ ਸੰਬੰਧ ਵਿਚ ਪ੍ਰਿਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ ਜਸਵੰਤ ਰਾਇ ਨੇ ਜਿਉਂ ਹੀ ਮੱਥਾ ਟੇਕਿਆ, ਗੁਰੂ ਸਾਹਿਬ ਜੀ ਸ਼ਬਦ ਉਚਾਰ ਰਹੇ ਸਨ :

**ਚੋਰ ਕੀ ਹਾਮਾ ਭਰੇ ਨ ਕੋਇ॥**
**ਚੋਰੁ ਕੀਆ ਚੰਗਾ ਕਿਉ ਹੋਇ॥** (੬੬੨)

ਇਹ ਬਚਨ ਸੁਣਦੇ ਸਾਰ ਹੀ ਜਸਵੰਤ ਰਾਇ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਜਸਵੰਤ ਰਾਇ ਨੇ ਮਾੜੇ ਕੰਮਾਂ ਤੋਂ ਤੋਬਾ ਕੀਤੀ। ਇਸ ਤਰ੍ਹਾਂ ਗੋਂਦਾ ਮਲ ਦਾ ਜ਼ਿਕਰ ਇਤਿਹਾਸ ਵਿਚ ਆਉਂਦਾ ਹੈ ਜਿਸ ਨੂੰ ਜੂਏ ਅਤੇ ਸ਼ਰਾਬ ਦੀ ਐਸੀ ਮਾੜੀ ਆਦਤ ਪਈ ਕਿ ਲੱਖ ਯਤਨ ਕਰਨ ਤੇ ਵੀ ਪਿੱਛਾ ਨਾ ਛੁੱਟਿਆ ਪਰ ਜਦ ਗੋਂਦਾ ਮਲ ਗੁਰੂ ਦਰਬਾਰ ਵਿਚ (ਕੀਰਤਪੁਰ ਸਾਹਿਬ) ਆਇਆ ਤਾਂ ਗੁਰੂ ਜੀ ਦੇ ਚਰਨ ਫੜ ਲਏ ਤੇ ਛੱਡੇ ਹੀ ਨਾ। ਪਾਤਸ਼ਾਹ ਨੇ **"ਸੀਸਿ ਨਿਵਾਇਐ ਕਿਆ ਥੀਐ, ਜਾ ਰਿਦੈ ਕੁਸੁਧੇ ਜਾਹਿ"** ਦੀ ਤੁਕ ਪੜ੍ਹੀ। ਗੋਂਦਾ ਮਲ ਦਾ ਅੰਦਰਲਾ ਮਨ ਹਿੱਲ ਗਿਆ। ਹੱਥ ਜੋੜ ਖਿਮਾ ਮੰਗੀ।

ਭਾਈ ਸੰਤ ਰਾਮ ਜੀ, ਭਾਈ ਸਦਾ ਮਲ, ਭਾਈ ਰਾਮ ਲਾਲ ਰੋਪੜ ਨਿਵਾਸੀ ਆਪ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਏ। ਪ੍ਰਸ਼ਨ ਹੋਇਆ ਕਿ ਜੀਵਨ ਦੀ ਸਫਲਤਾ ਦਾ ਵੱਲ ਕੀ ਹੈ? ਆਪ ਜੀ ਨੇ ਫੁਰਮਾਨ ਕੀਤਾ—ਦੁਨਿਆਵੀ ਸ਼ੁਹਰਤ ਤਾਂ ਬਾਕੀ ਦੇ ਕਰਮਾਂ ਨਾਲ ਮਿਲ ਸਕਦੀ ਹੈ ਪਰ ਵਾਹਿਗੁਰੂ ਦਾ ਜਸ ਕਰਦੇ ਰਹਿਣ ਨਾਲ ਹੀ ਜੀਵਨ ਸਫਲ ਕਰਨ ਦਾ ਢੰਗ ਹੈ। ਇਸ ਕਾਰਨ ਉਹ ਸਿਮਰਨ ਵਿਚ ਜੁਟ ਗਏ।

ਰੋਪੜ ਦੇ ਪ੍ਰਸਿੱਧ ਫਕੀਰ ਨੂਰ ਦੀਨ, ਮਾਲਾ ਸ਼ੇਖ ਅਤੇ ਮੁਹੰਮਦ ਬਖ਼ਸ਼ ਕੀਰਤਪੁਰ ਗੁਰੂ ਦਰਸ਼ਨਾਂ ਨੂੰ ਆਏ। ਬਾਣੀ ਸੁਣ ਕੇ ਨਿਹਾਲ ਹੋਏ।

ਨਵਾਂ ਸ਼ਹਿਰ ਤੋਂ ਭਾਈ ਸੰਗਤੀਆ, ਭਾਈ ਪੰਜਾਬਾ, ਭਾਈ ਭੀਮ ਚੰਦ, ਭਾਈ ਸਾਹੀ ਰਾਮ, ਭਾਈ ਵਿਸ਼ੰਭਰ ਦਿਆਲ, ਭਾਈ ਮਹੇਸ਼ ਸੱਜਣ, ਭਾਈ ਗਜਨ, ਭਾਈ ਰਾਮਾ ਤੇ ਭਾਈ ਕਾਹਨਾ ਦਰਸ਼ਨ ਕਰਕੇ ਤ੍ਰਿਪਤ ਹੋਏ। 'ਆਤਮ ਰਸ ਦੀ ਪ੍ਰਾਪਤੀ ਕਿਵੇਂ ਹੋਵੇ' ਦੇ ਪ੍ਰਸ਼ਨ ਵਿਚ ਹੁਕਮ ਕੀਤਾ ਕਿ ਨਿਮਰ-ਭਾਵ ਵਿਚ ਰਹਿਣ ਨਾਲ ਹੀ ਆਤਮ ਰਸ ਦੀ ਪ੍ਰਾਪਤੀ ਹੋ ਸਕਦੀ ਹੈ।

ਰੋਪੜ ਦਾ ਰਹਿਣ ਵਾਲਾ ਸ਼ਾਹੂਕਾਰ ਰਾਜਾ ਰਾਮ ਜੰਮਦਿਆਂ ਹੀ ਕੁੜੀਆਂ ਨੂੰ ਮਾਰ ਦਿੰਦਾ ਸੀ। ਜਦ ਉਹ ਕੀਰਤਪੁਰ ਕਈ ਭੇਟਾਵਾਂ ਲੈ ਕੇ ਗੁਰੂ ਦਰਬਾਰ ਪੁੱਜਾ ਤਾਂ ਮਹਾਰਾਜ ਨੇ ਉਸ ਨੂੰ ਸੰਗਤ ਵਿਚ ਬੈਠਣ ਤੋਂ ਬਾਹਰ ਹੀ ਰੋਕ ਦਿੱਤਾ। ਉਸ ਨੇ ਬਾਹਰ ਹੀ ਲੇਟ ਕੇ ਖਿਮਾ ਮੰਗੀ ਤੇ ਅੱਗੋਂ ਇਹ ਕੁਕਰਮ ਨਾ ਕਰਨ ਦਾ ਪ੍ਰਣ ਕੀਤਾ।

ਆਪ ਜੀ ਪਾਸ ਇਕ ਨਈਆ ਸ਼ਸਤਰ ਨਾਮ ਦਾ ਯੋਧਾ ਬੇਨਤੀ ਲੈ ਕੇ ਆਇਆ ਕਿ ਉਸਨੂੰ ਮਾਨਸਿਕ ਰੋਗਾਂ ਨੇ ਘੇਰਿਆ ਹੋਇਆ ਹੈ ਤੇ ਹਰ ਵੇਲੇ ਬਿਰਤੀ ਖੰਡਿਤ ਰਹਿੰਦੀ ਹੈ। ਗੁਰੂ ਜੀ ਨੇ ਫੁਰਮਾਇਆ ਕਿ ਕੇਸਾਧਾਰੀ ਹੋ ਕੇ ਨਾਮ ਜਪੋ ਤੇ ਸਿਮਰਨ ਵਿਚ ਜੁੜੋ।

ਸਾਰੇ ਦੁੱਖ ਦੂਰ ਹੋ ਜਾਣਗੇ। ਉਹ ਗੁਰੂ ਕਾ ਸਿੱਖ ਬਣਿਆ ਤੇ ਦਸਮ ਪਾਤਸ਼ਾਹ ਦੇ ਸਮੇਂ ਤੱਕ ਸੇਵਾ ਕੀਤੀ।

ਜੰਜੀਆ ਨਾਂ ਦੇ ਇਕ ਵਿਅਕਤੀ ਨੂੰ ਤੰਮਾਕੂ ਸੇਵਨ ਕਰਨ ਦੀ ਭੈੜੀ ਆਦਤ ਸੀ। ਕੀਰਤਪੁਰ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਉਸਨੇ ਬੇਨਤੀ ਕੀਤੀ ਕਿ ਉਹ ਧਰਮ ਕਰਮ ਦਾ ਪੂਰਾ ਹੈ ਪਰ ਫਿਰ ਵੀ ਆਤਮਿਕ ਸ਼ਾਂਤੀ ਨਹੀਂ ਮਿਲੀ ਤਾਂ ਗੁਰੂ ਹਰਿਕ੍ਰਿਸ਼ਨ ਜੀ ਨੇ ਫੁਰਮਾਇਆ–ਆਤਮਿਕ ਸ਼ਾਂਤੀ ਤਾਂ ਹੀ ਮਿਲ ਸਕਦੀ ਹੈ ਜੇ ਤੰਮਾਕੂ ਸੇਵਨ ਦੀ ਭੈੜੀ ਆਦਤ ਤੋਂ ਛੁਟਕਾਰਾ ਪਾਇਆ ਜਾਏ। ਉਸਨੇ ਪ੍ਰਣ ਕੀਤਾ ਕਿ ਅੱਗੇ ਤੋਂ ਉਹ ਇਸ ਜਗਤ ਜੂਠ ਤੰਮਾਕੂ ਦਾ ਸੇਵਨ ਨਹੀਂ ਕਰੇਗਾ ਤੇ ਹੋਰਨਾਂ ਨੂੰ ਵੀ ਐਸੀ ਹੀ ਪ੍ਰੇਰਨਾ ਦੇਵੇਗਾ।

ਫਕੀਰੀਆ, ਭੋਲਾ, ਭੀਮਾ ਸੰਗਤਾਂ ਵਿਚ ਘੁੰਘਰੂ ਪਾ ਕੇ ਤੇ ਖੜਤਾਲਾਂ, ਇਕਤਾਰਾ ਲੈ ਕੇ ਗੀਤ ਗਾਂਦੇ ਤੇ ਦਰ-ਦਰ ਤੋਂ ਮੰਗ ਕੇ ਗੁਜ਼ਾਰਾ ਕਰਦੇ ਸਨ। ਇਹ ਹੀ ਉਨ੍ਹਾਂ ਵਾਸਤੇ ਧਰਮ ਸੀ। ਜਦ ਕੀਰਤਪੁਰ ਆਏ ਤੇ ਗਾ-ਗਾ ਕੇ ਨੱਚ-ਨੱਚ ਕੇ ਗੁਰੂ ਉਪਮਾ ਕਰਦੇ ਮਹਾਰਾਜ ਦੇ ਦਰਸ਼ਨਾਂ ਨੂੰ ਆਏ। ਗੁਰੂ ਜੀ ਨੇ ਬਚਨ ਕੀਤਾ ਕਿ ਜੀਵਨ ਨੂੰ ਅਜਾਈਂ ਨਾ ਗਵਾਇਆ ਜਾਏ। ਬਿਨਾਂ ਆਤਮ ਗਿਆਨ ਦੇ ਗੀਤ ਗਾਉਣਾ, ਹੱਥੀਂ ਕੋਈ ਕਿਰਤ ਨਾ ਕਰਨੀ, ਕੰਨ ਪੜਵਾ ਕੇ ਦਰ-ਦਰ ਮੰਗਣਾ ਸਿੱਖ ਮਤ ਵਿਚ ਪ੍ਰਵਾਨ ਨਹੀਂ ਹੈ।

ਇਸੇ ਤਰ੍ਹਾਂ ਨੰਦ ਚੰਦ ਨੇ, ਜੋ ਕਿ ਵੇਸਵਾਗਾਮੀ ਹੋ ਕੇ ਜੀਵਨ ਗੁਜ਼ਾਰ ਰਿਹਾ ਸੀ, ਕੀਰਤਪੁਰ ਸਾਹਿਬ ਆ ਕੇ ਪਿੱਛੇ ਦੀਆਂ ਗਲਤੀਆਂ ਦੀ ਖ਼ਿਮਾ ਮੰਗੀ ਅਤੇ ਅਗਲਾ ਜੀਵਨ ਚੰਗਾ ਗੁਜ਼ਾਰਨ ਦਾ ਪ੍ਰਣ ਕੀਤਾ। ਜਗਨਾ, ਜੋ ਕਿ ਕਸਾਈ ਦਾ ਕੰਮ ਕਰਦਾ ਸੀ, ਇਕ ਵਿਚਾਰ ਉਸ 'ਤੇ ਦਿਨ ਰਾਤ ਭਾਰੂ ਸੀ ਕਿ ਕਿਰਤ ਐਸੀ ਹੈ ਜਿਸ ਕਾਰਨ ਕਦੀ ਵੀ ਕਲਿਆਣ ਨਹੀਂ ਹੋ ਸਕਦੀ, ਪਰ ਗੁਰੂ ਸ਼ਰਨ ਆਉਣ ਨਾਲ ਮਨ ਦੀ ਦੁਬਿਧਾ ਨੱਸ ਗਈ।

ਗੁਰ ਇਤਿਹਾਸ ਇਸ ਤਰ੍ਹਾਂ ਦੀਆਂ ਸਾਖੀਆਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਤੋਂ ਗੁਰੂ ਸਾਹਿਬਾਂ ਦੀ ਵਿਲੱਖਣ ਸ਼ਖਸੀਅਤ ਦਾ ਝਲਕਾਰਾ ਪੈਂਦਾ ਹੈ। ਸਤਿਗੁਰੂ ਜੀ ਆਮ ਗੱਲਬਾਤ ਵਿਚ ਵੀ ਗੁਰਮਤਿ ਦੇ ਮਹਾਨ ਉਪਦੇਸ਼ ਦ੍ਰਿੜ ਕਰਾ ਦਿੰਦੇ ਸਨ।

ਬਾਬਾ ਰਾਮ ਰਾਇ ਨੇ ਇਹ ਡਰ ਪੈਦਾ ਕੀਤਾ ਸੀ ਕਿ ਬਾਲ-ਗੁਰੂ ਸਿੱਖ ਸੰਗਤ ਨੂੰ ਸੰਭਾਲ ਨਹੀਂ ਸਕੇਗਾ, ਪਰ ਗੁਰੂ ਸਾਹਿਬ ਨੇ ਜਿਸ ਤਰ੍ਹਾਂ ਸਿੱਖ ਸਿਧਾਂਤ ਨੂੰ ਸਪੱਸ਼ਟ ਕੀਤਾ ਤੇ ਸੰਗਤਾਂ ਨੂੰ ਅਗਵਾਈ ਦਿੱਤੀ ਉਸ ਨਾਲ ਰਾਮ ਰਾਇ ਦੇ ਦਾਅਵੇ ਬੜੇ ਹਾਸੋ-ਹੀਣੇ ਹੋ ਕੇ ਰਹਿ ਗਏ। ਸਿੱਖ ਸੰਗਤ ਦਾ ਗੁਰੂ ਨਾਲ ਪਿਆਰ ਔਰੰਗਜ਼ੇਬ ਲਈ ਫ਼ਿਕਰ ਦਾ ਵਿਸ਼ਾ ਸੀ। ਇਸ ਲਈ ਔਰੰਗਜ਼ੇਬ ਨੇ ਰਾਮ ਰਾਇ ਦੀ ਸ਼ਿਕਾਇਤ ਤੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਅਤੇ ਇਸ ਕੰਮ ਦੀ ਜ਼ਿੰਮੇਵਾਰੀ ਰਾਜਾ ਜੈ ਸਿੰਘ ਨੂੰ ਸੌਂਪੀ। ਉਸ ਨੇ ਆਪਣੀ ਦੀਵਾਨ ਪਰਸਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ 'ਗੁਰੂ ਜੀ ਨੂੰ ਪਾਲਕੀ ਵਿਚ ਸਵਾਰ ਕਰ ਕੇ ਲੈ ਆਵੇ।' ਔਰੰਗਜ਼ੇਬ ਨੇ ਸਿੱਖ ਲਹਿਰ ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਾਚਿਆ ਸੀ। ਉਹ ਸਿੱਖ ਲਹਿਰ ਨੂੰ ਆਪਣੇ ਨਿਸ਼ਾਨੇ (ਸਭ ਨੂੰ ਮੁਸਲਮਾਨ ਬਣਾਉਣ) ਦੀ ਪ੍ਰਾਪਤੀ ਵਿਚ ਭਾਰੀ ਰੁਕਾਵਟ ਸਮਝਦਾ ਸੀ।

**ਸਤਿਗੁਰੂ ਜੀ ਦਾ ਦਿੱਲੀ ਜਾਣ ਦਾ ਫੈਸਲਾ :** ਦਿੱਲੀ ਬੁਲਾਵਾ ਆਉਣ ਤੋਂ ਬਾਅਦ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਨੇ ਸਾਰੇ ਮੁਖੀ ਸਿੱਖਾਂ ਦੀ ਰਾਇ ਲਈ, ਜਿਹਨਾਂ ਵਿਚ ਭਾਈ

ਦਰਗਾਹ ਮਲ, ਭਾਈ ਦਿਆਲਾ, ਭਾਈ ਮਨੀ ਸਿੰਘ, ਭਾਈ ਗੁਰਦਿੱਤਾ ਜੀ ਦਾ ਨਾਮ ਜ਼ਿਕਰਯੋਗ ਹੈ। ਸਾਰੇ ਸਿੱਖਾਂ ਨੇ ਆਖਿਆ ਦਿੱਲੀ ਜਾਣ ਦਾ ਕੀ ਹਰਜ ਹੈ, ਜੇਕਰ ਨਾ ਗਏ ਇਸ ਦੇ ਗ਼ਲਤ ਨਤੀਜੇ ਕੱਢੇ ਜਾ ਸਕਦੇ ਹਨ। ਗੁਰੂ ਮਹਾਰਾਜ ਨੇ ਕਿਹਾ ਕਿ "ਠੀਕ ਹੈ, ਦਿੱਲੀ ਜਾਣ ਵਿਚ ਕੋਈ ਹਰਜ ਨਹੀਂ ਹੈ ਪਰ ਮੈਂ ਦੁਸ਼ਟ ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦੇਣੇ।" ਇਸ ਤੇ ਸਾਰੇ ਦੀਵਾਨ ਵਿਚ ਚੁੱਪ ਵਰਤ ਗਈ। ਪਰ ਬੁਲਾਵਾ ਲੈ ਕੇ ਆਏ ਪਰਸਰਾਮ ਨੇ ਮੌਕਾ ਸੰਭਾਲ ਕੇ ਕਿਹਾ, "ਜਿਵੇਂ ਆਪ ਦਾ ਹੁਕਮ ਹੈ ਐਸਾ ਹੀ ਹੋਵੇਗਾ।" ਇਸ ਨਾਲ ਸੰਗਤਾਂ ਦੀ ਤਸੱਲੀ ਹੋ ਗਈ ਤੇ ਗੁਰੂ ਦਿੱਲੀ ਜਾਣ ਲਈ ਤਿਆਰ ਹੋ ਗਏ।

**ਦਿੱਲੀ ਵੱਲ ਕੂਚ :** ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕੀਰਤਪੁਰ ਦਾ ਪ੍ਰਬੰਧ ਭਾਈ ਭਗਤਾ ਜੀ ਤੇ ਹੋਰ ਨਿਕਟਵਰਤੀ ਸਿੱਖਾਂ ਨੂੰ ਸੰਭਾਲ ਦਿੱਤਾ ਤੇ ਆਪ ਆਪਣੇ ਨਾਲ ਭਾਈ ਗੁਰਬਖ਼ਸ਼ ਸਿੰਘ ਜੀ, ਭਾਈ ਮਨੀ ਸਿੰਘ, ਭਾਈ ਦਿਆਲਾ, ਪੰਜਾਬਾ ਮਸੰਦ, ਮੁਨਸ਼ੀ ਸੰਗਤੀਆ, ਭਾਈ ਦਰਗਾਹ ਮਲ ਅਤੇ ਦੀਵਾਨ ਸਤੀ ਰਾਮ ਅਤੇ ਸੰਗਤਾਂ ਸਮੇਤ ਦਿੱਲੀ ਨੂੰ ਚੱਲ ਪਏ। ਅੱਗੇ ਨਗਾਰਾ, ਪਿੱਛੇ ਝੰਡੇ, ਫਿਰ ਸ਼ਸਤਰਧਾਰੀ 2200 ਘੋੜ ਸਵਾਰ ਸਨ। ਮਹਾਰਾਜ ਦੀ ਪਾਲਕੀ ਅਤੇ ਰੱਥ ਵਿਚ ਮਾਤਾ ਜੀ ਸਨ। ਇਸ ਪਿੱਛੇ ਸ਼ਬਦ ਕੀਰਤਨ ਕਰਦੇ ਜਥੇ ਅਤੇ ਹੋਰ ਘੋੜ ਸਵਾਰ ਸਨ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਬਸੰਤ ਪੰਚਮੀ ਵਾਲੇ ਦਿਨ ਕੂਚ ਕੀਤਾ ਗਿਆ। ਗੁਰੂ ਜੀ ਨੇ ਪਹਿਲਾ ਪੜਾਅ ਰੋਪੜ ਵਿਖੇ ਕੀਤਾ। ਅਗਲੇ ਦਿਨ ਜਦੋਂ ਰੋਪੜ ਤੋਂ ਕੂਚ ਕਰਨ ਲੱਗੇ ਤਾਂ ਇਕ ਸਿੱਖ ਨੇ ਬੇਨਤੀ ਕੀਤੀ ਕਿ ਲੰਮੇ ਦੇਸ਼ (ਕਾਬਲ-ਕੰਧਾਰ) ਤੋਂ ਸੰਗਤਾਂ ਆ ਰਹੀਆਂ ਹਨ। ਸੰਗਤਾਂ ਵਿਚ ਬੱਚੇ, ਬੁੱਢੇ ਤੇ ਇਸਤਰੀਆਂ ਵੀ ਹਨ। ਇਹ ਵੀ ਬੇਨਤੀ ਕੀਤੀ ਕਿ ਸੰਗਤਾਂ ਥਕੀਆਂ ਹੋਈਆਂ ਹਨ ਤੇ ਸਵੇਰ ਤੱਕ ਪੁੱਜ ਜਾਣਗੀਆਂ। ਸੋ ਰਵਾਨਗੀ ਰੋਕ ਦਿੱਤੀ ਗਈ। ਦੀਵਾਨ ਸਜ ਗਏ। ਦੁਪਹਿਰ ਤੱਕ ਸੰਗਤਾਂ ਆ ਗਈਆਂ। ਦਰਸ਼ਨ ਕਰਕੇ ਗਦ-ਗਦ ਹੋਈਆਂ। ਇਕ ਦਿਨ ਠਹਿਰ ਕੇ ਸਤਿਗੁਰੂ ਜੀ ਕੁਰਾਲੀ, ਖਰੜ, ਬਨੂੜ ਆਦਿ ਥਾਵਾਂ ਤੇ ਪੜਾਅ ਕਰਦੇ, ਪੰਜੋਖਰਾ ਪੁੱਜੇ ਤਾਂ ਲਗਭਗ 100 ਕਿਲੋਮੀਟਰ ਦਾ ਸਫ਼ਰ ਤੈਅ ਹੋ ਚੁੱਕਾ ਸੀ। ਇਥੇ ਵੀ ਇਕ ਸਿੱਖ ਨੇ ਆ ਕੇ ਬੇਨਤੀ ਕੀਤੀ ਕਿ ਕਸ਼ਮੀਰ ਦੀ ਸੰਗਤ ਪਹਿਲੇ ਕੀਰਤਪੁਰ ਪੁੱਜੀ ਤੇ ਉਥੋਂ ਪੰਜੋਖਰਾ ਆ ਰਹੀ ਹੈ। ਗੁਰੂ ਜੀ ਸੰਗਤ ਦੀ ਉਡੀਕ ਵਿਚ ਦੋ ਦਿਨ ਰੁਕੇ ਰਹੇ।

**ਬ੍ਰਾਹਮਣ ਦੀ ਚਾਲ ਦਾ ਜੁਆਬ :** ਇਥੇ ਪੰਜੋਖਰਾ ਵਿਖੇ ਪੰਡਿਤ ਲਾਲ ਚੰਦ ਨਾਮ ਦਾ ਬ੍ਰਾਹਮਣ ਜਿਸ ਨੂੰ ਜਾਤ ਦੇ ਅਭਿਮਾਨ ਦੇ ਨਾਲ ਵਿਦਿਆ ਦਾ ਵੀ ਅਭਿਮਾਨ ਸੀ। ਪੰਡਿਤ ਸਿੱਖਾਂ ਨੂੰ ਸੁਣਾ-ਸੁਣਾ ਕੇ ਆਖਣ ਲੱਗਾ ਸੱਤ-ਅੱਠ ਸਾਲ ਦੇ ਬਾਲ ਆਪਣੇ ਆਪ ਨੂੰ ਹਰਿਕ੍ਰਿਸ਼ਨ ਜੀ ਅਖਵਾਂਦੇ ਹਨ। ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ ਤਾਂ ਗੀਤਾ ਲਿਖੀ ਸੀ, ਇਹ ਆਪਣੇ ਆਪ ਨੂੰ ਹਰਿਕ੍ਰਿਸ਼ਨ ਅਖਵਾਉਂਦੇ ਹਨ। ਜੇ ਇੰਨੇ ਵੱਡੇ ਹਨ ਤਾਂ ਗੀਤਾ ਦੇ ਅਰਥ ਕਰਕੇ ਦਿਖਾਣ। ਇਹ ਗੱਲ ਗੁਰੂ ਸਾਹਿਬ ਤੱਕ ਪਹੁੰਚ ਗਈ ਤਾਂ ਪੰਡਿਤ ਨੂੰ ਸਤਿਗੁਰੂ ਜੀ ਨੇ ਆਖਿਆ, "ਭਾਈ ਜੋ ਪੁੱਛਣਾ ਹੈ ਪੁੱਛ; ਮੈਂ ਗੀਤਾ ਦੇ ਅਰਥ ਕਰ ਦਿੰਦਾ ਹਾਂ, ਪਰ ਫਿਰ ਵੀ ਤੇਰੀ ਤਸੱਲੀ ਨਹੀਂ ਹੋਣੀ। ਜੇ ਤੂੰ ਗੁਰੂ ਨਾਨਕ ਪਾਤਸ਼ਾਹ ਦੀਆਂ ਬਖਸ਼ਸ਼ਾਂ ਦੀ ਬਰਕਤ ਜ਼ਰੂਰ ਵੇਖਣੀ ਹੈ ਤਾਂ ਇਸ ਨਗਰ ਵਿਚ ਜਿਸ ਆਦਮੀ ਨੂੰ ਤੂੰ ਮੂਰਖ ਸਮਝਦਾ ਹੈਂ, ਉਸ ਨੂੰ ਲੈ ਆ, ਉਹ ਤੇਰੇ ਸੁਆਲਾਂ ਦੇ ਜੁਆਬ ਦੇਵੇਗਾ।" ਪੰਡਿਤ ਇਕ ਛੱਜੂ ਨਾਮ ਦੇ ਵਿਅਕਤੀ ਨੂੰ. ਜੋ ਜਾਤ ਦਾ ਝੀਊਰ ਸੀ ਅਤੇ ਬੋਲ ਵੀ ਨਹੀਂ ਸੀ

ਸਕਦਾ, ਲੈ ਆਇਆ। ਗੁਰੂ ਨਾਨਕ ਦੀ ਕਿਰਪਾ ਹੋਈ। ਛੱਜੂ ਨੇ ਚੰਗੇ ਗਿਆਨੀ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕੀਤੇ। ਇਸ ਨਾਲ ਗੁਰੂ-ਜਸ ਹੋਰ ਵਧਿਆ ਅਤੇ ਬ੍ਰਾਹਮਣ ਵੀ ਆਪਣੀ ਕੀਤੀ ਤੇ ਬਹੁਤ ਪਛਤਾਇਆ। ਇਥੇ ਗੁਰੂ ਜੀ ਨੇ ਕੁਝ ਚੋਣਵੇਂ ਸਿੱਖਾਂ ਨੂੰ ਛੱਡ ਕੇ ਬਾਕੀ ਸਾਰੀ ਸੰਗਤ ਨੂੰ ਕੀਰਤਪੁਰ ਵਾਪਸ ਜਾਣ ਦਾ ਹੁਕਮ ਕੀਤਾ।

**ਸਤਿਗੁਰਾਂ ਦਾ ਦਿੱਲੀ ਪਹੁੰਚਣਾ** : ਗੁਰੂ ਹਰਿ ਕ੍ਰਿਸ਼ਨ ਜੀ ਪੰਜੋਖਰਾ ਤੋਂ ਅੰਬਾਲਾ, ਸ਼ਾਹਬਾਦ, ਕੁਰੂਕਸ਼ੇਤਰ, ਪਾਨੀਪਤ, ਸੋਨੀਪਤ ਹੁੰਦੇ ਹੋਏ ਦਿੱਲੀ ਪਹੁੰਚੇ। ਦਿੱਲੀ ਵਿਚ ਵੀ ਸੰਗਤਾਂ ਦੀਆਂ ਅਥਾਹ ਵਹੀਰਾਂ ਹੋ ਗਈਆਂ। ਰਾਜਾ ਜੈ ਸਿੰਘ ਅੱਗੋਂ ਲੈਣ ਲਈ ਆਇਆ। ਬੜੇ ਚੰਗੇ ਤਰੀਕੇ ਨਾਲ ਸਵਾਗਤ ਕੀਤਾ। ਸਾਰੇ ਹੈਰਾਨ ਸਨ ਅਤੇ ਗੁਰੂ ਜੋਤਿ ਦੀ ਵਡਿਆਈ ਕਰ ਰਹੇ ਸਨ। ਗੁਰੂ ਜੀ ਦਾ ਟਿਕਾਣਾ ਆਪਣੇ ਪਾਸ ਕਰਾਇਆ। ਭਾਵੇਂ ਰਾਜਾ ਜੈ ਸਿੰਘ ਗੁਰੂ-ਘਰ ਪ੍ਰਤੀ ਆਦਰ ਰੱਖਦਾ ਸੀ, ਪਰ ਉਸ ਦੀ ਰਾਣੀ ਨੇ ਗੁਰੂ ਨਾਨਕ ਦੇ ਘਰ ਨੂੰ ਪਰਖਣ ਲਈ, ਗੁਰੂ ਜੀ ਨੂੰ ਦਰਸ਼ਨ ਦੇਣ ਦੀ ਚਾਹਤ ਪ੍ਰਗਟ ਕਰ ਦਿੱਤੀ। ਰਾਣੀ ਨੇ ਮਨ ਵਿਚ ਧਾਰ ਲਿਆ ਕਿ ਅਸਰ ਗੁਰੂ ਸੱਚਾ ਹੈ ਤਾਂ ਮੇਰੀ ਗੋਦੀ ਵਿਚ ਆ ਕੇ ਬੈਠੇ। ਰਾਣੀ ਨੇ ਆਸ-ਪਾਸ ਤੋਂ ਅਮੀਰ ਘਰਾਂ ਦੀਆਂ ਜ਼ਨਾਨੀਆਂ ਮੰਗਵਾ ਲਈਆਂ। ਆਪ ਉਹਨਾਂ ਵਿਚ ਬੈਠ ਗਈ। ਗੁਰੂ ਹਰਿਕ੍ਰਿਸ਼ਨ ਜੀ ਸਭ ਜ਼ਨਾਨੀਆਂ ਨੂੰ ਛੱਡ ਕੇ ਰਾਣੀ ਦੀ ਗੋਦੀ ਵਿਚ ਬੈਠ ਗਏ। ਇਸ ਘਟਨਾ ਨਾਲ ਗੁਰੂ ਘਰ ਦੀ ਸ਼ੋਭਾ ਹੋਰ ਵਧ ਗਈ।

**ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰੀ** : ਗੁਰੂ ਹਰਿ ਰਾਇ ਸਾਹਿਬ ਦੀ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਜੀ ਵੀ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰੀ ਰਹੇ ਸਨ। ਕਈ ਯਤਨ ਹੋਏ, ਪਰ ਗੁਰੂ ਸਾਹਿਬ ਨੇ ਦਰਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ। ਔਰੰਗਜ਼ੇਬ ਨੇ ਆਪਣੇ ਵੱਡੇ ਪੁੱਤਰ ਸ਼ਾਹਜ਼ਾਦਾ ਮੁਅੱਜ਼ਮ ਨੂੰ ਗੁਰੂ ਦਰਬਾਰ ਵਿਚ ਭੇਜਿਆ। ਗੁਰੂ ਦਰਬਾਰ ਦੀ ਸ਼ਾਨੋ-ਸ਼ੌਕਤ ਦੇਖ ਕੇ ਸ਼ਾਹਜ਼ਾਦਾ ਮੁਅੱਜ਼ਮ ਵੀ ਅਭਿੱਜ ਨਾ ਰਹਿ ਸਕਿਆ। ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੇਰੇ ਪਿਤਾ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਪਰ ਆਪ ਨੇ ਸਾਫ਼ ਮਨ੍ਹਾ ਕਰ ਦਿੱਤਾ ਅਤੇ ਆਖਿਆ, ਔਰੰਗਜ਼ੇਬ ਜ਼ੁਲਮ ਕਮਾ ਰਿਹਾ ਹੈ, ਮੈਂ ਉਸ ਦੇ ਮੱਥੇ ਨਹੀਂ ਲੱਗਣਾ। ਪ੍ਰੋ. ਪੂਰਨ ਸਿੰਘ ਅਨੁਸਾਰ ਅਨੇਕ ਯਤਨ ਹੋਏ, ਪਰ ਗੁਰੂ ਜੀ ਸਦਾ ਦ੍ਰਿੜ੍ਹ ਰਹੇ। ਇਹ ਵੀ ਕਿਹਾ ਜਾਂਦਾ ਹੈ ਕਿ ਔਰੰਗਜ਼ੇਬ ਨੇ ਰਤਨ, ਬਸਤਰ, ਖਿਲੌਣੇ, ਗਹਿਣੇ ਆਦਿ ਨਜ਼ਰਾਨੇ ਵਜੋਂ ਭੇਜੇ। ਗੁਰੂ ਜੀ ਨੇ ਸਭ ਵਸਤੂਆਂ ਵਾਪਸ ਕਰ ਦਿੱਤੀਆਂ। ਇਹ ਵੀ ਕਿਹਾ ਕਿ ਬਾਦਸ਼ਾਹ ਨੂੰ ਜਾ ਕੇ ਕਹਿ ਦੇਣਾ ਕਿ ਮੇਲ ਕਿਸੇ ਹਾਲਤ ਵਿਚ ਵੀ ਨਹੀਂ ਹੋਵੇਗਾ। ਗੁਰੂ ਪਿਤਾ ਦੇ ਬਚਨ ਅਟੱਲ ਹੀ ਰਹਿਣਗੇ।

ਗੁਰੂ ਜੀ ਨੇ ਫ਼ਾਰਸੀ ਅੱਖਰਾਂ ਵਿਚ ਮਾਝ ਕੀ ਵਾਰ ਦਾ ਗੁਰੂ ਨਾਨਕ ਦੇਵ ਜੀ ਦਾ ਇਹ ਸਲੋਕ ਔਰੰਗਜ਼ੇਬ ਨੂੰ ਲਿਖਾ ਕੇ ਭਿਜਵਾਇਆ :

ਮਹਲਾ ੧॥ ਕਿਆ ਖਾਧੈ ਕਿਆ ਪੈਧੇ ਹੋਇ ਜਾ ਮਨਿ ਨਾਹੀ ਸਚਾ ਸੋਇ॥
ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁ।
ਕਿਆ ਕਪੜੁ, ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ।
ਕਿਆ ਲਸਕਰ, ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ।
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ। ੨।

ਗੁਰੂ ਜੀ ਨੇ ਸ਼ਹਿਜ਼ਾਦੇ ਨੂੰ ਇਹ ਵੀ ਕਿਹਾ ਸੀ ਕਿ ਪਿਤਾ ਨੂੰ ਕਹਿਣਾ ਕਿ ਭਲੇ ਪੁਰਸ਼ਾਂ ਨਾਲ ਅੜਨਾ ਚੰਗਾ ਨਹੀਂ। ਉਹ ਜੋ ਕਹਿਣ ਉਸ ਨੂੰ ਸਹਾਰਨਾ ਹੀ ਚੰਗਾ ਹੈ।

**(ਗੁਰੂ) ਤੇਗ਼ ਬਹਾਦਰ ਜੀ ਨਾਲ ਮੇਲ :** ਜਦ ਗੁਰੂ ਹਰਿ ਰਾਇ ਜੀ ਜੋਤੀ-ਜੋਤਿ ਸਮਾਏ ਤਾਂ (ਗੁਰੂ) ਤੇਗ ਬਹਾਦਰ ਜੀ ਪੂਰਬ ਦੀ ਯਾਤਰਾ ਤੇ ਸਨ। ਜਦ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਸਨ ਤਾਂ ਆਪ ਜੀ ਵੀ ਦਿੱਲੀ ਵੱਲ ਚੱਲ ਪਏ। ਭੱਟ ਵਹੀ ਪੂਰਬੀ ਦੱਖਣੀ ਅਨੁਸਾਰ ਆਪ ਜੀ ਰਾਜਾ ਜੈ ਸਿੰਘ ਦੀ ਹਵੇਲੀ ਵਿਖੇ 21 ਮਾਰਚ 1664 ਨੂੰ ਮਾਤਾ ਨਾਨਕੀ ਆਦਿ ਨਾਲ ਮਿਲੇ ਸਨ ਤੇ ਤਿੰਨ ਦਿਨ ਦਿੱਲੀ ਵਿਖੇ ਰਹੇ। ਇਹ ਆਪ ਜੀ ਦਾ ਪਹਿਲਾ ਅਤੇ ਅੰਤਿਮ ਮਿਲਾਪ ਸੀ। ਇਸ ਗੱਲ ਨੂੰ ਸਮਝਣ ਵਿਚ ਕੋਈ ਦੇਰੀ ਨਹੀਂ ਲੱਗਣੀ ਚਾਹੀਦੀ ਕਿ ਇਸ ਮਿਲਾਪ ਤੋਂ ਨੌਵੇਂ ਦਿਨ ਗੁਰਗੱਦੀ ਗੁਰੂ ਤੇਗ਼ ਬਹਾਦਰ ਜੀ ਨੂੰ ਸੌਂਪੀ ਗਈ ਕਿ ਅਗਲਾ ਗੁਰੂ ਬਾਬਾ ਬਕਾਲਾ ਵਿਖੇ ਹੋਵੇਗਾ।

**ਰੋਗੀਆਂ ਦੀ ਸਹਾਇਤਾ :** ਗੁਰੂ ਹਰਿਕ੍ਰਿਸ਼ਨ ਜੀ ਜਦੋਂ ਦਿੱਲੀ ਪਹੁੰਚੇ ਸਨ, ਉਦੋਂ ਦਿੱਲੀ ਵਿਚ ਚੀਚਕ ਦੀ ਬੀਮਾਰੀ ਫੈਲੀ ਹੋਈ ਸੀ ਅਤੇ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਚੁੱਕੀ ਸੀ। ਚੀਚਕ ਛੂਤ ਦੀ ਬੀਮਾਰੀ ਹੈ ਅਤੇ ਬਹੁਤ ਖ਼ਤਰਨਾਕ ਹੈ। ਜਦੋਂ ਇਹ ਬੀਮਾਰੀ ਕਿਸੇ ਆਦਮੀ ਨੂੰ ਲੱਗ ਜਾਵੇ ਤਾਂ ਉਸ ਤੋਂ ਬੇਅੰਤ ਜਿਰਮ ਪੈਦਾ ਹੋ ਕੇ ਉਸ ਦੇ ਆਸ-ਪਾਸ ਦੇ ਕੱਪੜਿਆਂ ਵਿਚ ਤੇ ਹਵਾ ਵਿਚ ਟਿਕੇ ਰਹਿੰਦੇ ਹਨ। ਜਿਉਂ-ਜਿਉਂ ਇਹ ਜਿਰਮ ਹੋਰਾਂ ਮਨੁੱਖਾਂ ਨੂੰ ਛੂੰਹਦੇ ਹਨ, ਤਿਉਂ-ਤਿਉਂ ਬੀਮਾਰੀ ਫੈਲਦੀ ਜਾਂਦੀ ਹੈ। ਇਸ ਤਰ੍ਹਾਂ ਇਹ ਮਹਾਂਮਾਰੀ ਦਾ ਭਿਆਨਕ ਰੂਪ ਧਾਰਨ ਕਰ ਲੈਂਦੀ ਹੈ।

ਚੀਚਕ ਦੇ ਜਿਰਮਾਂ ਵਾਲੇ ਸਰੀਰ ਨੂੰ ਅਚਾਨਕ ਹੀ ਜ਼ੋਰਦਾਰ ਤਾਪ ਚੜ੍ਹਦਾ ਹੈ। ਤਾਪ ਦੀ ਘੂਕੀ ਨਾਲ ਮਨੁੱਖ ਬੇਸੁਰਤ ਪਿਆ ਰਹਿੰਦਾ ਹੈ। ਫਿਰ ਪਿੰਡੇ ਉਤੇ ਛੋਟੇ-ਛੋਟੇ ਦਾਣੇ ਨਿਕਲਦੇ ਹਨ, ਜੋ ਵੱਡੇ-ਵੱਡੇ ਛਾਲੇ ਬਣ ਜਾਂਦੇ ਹਨ ਤੇ ਉਨ੍ਹਾਂ ਵਿਚ ਪਾਕ ਪੈ ਜਾਂਦੀ ਹੈ। ਇਸ ਪਾਕ ਦੇ ਕਾਰਨ ਮਨੁੱਖ ਨੂੰ ਦੁਬਾਰਾ ਤਾਪ ਚੜ੍ਹਦਾ ਹੈ; ਜੋ ਆਮ ਤੌਰ ਤੇ ਜਾਨ ਲੇਵਾ ਹੁੰਦਾ ਹੈ।

ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਚ ਫੈਲੀ ਚੀਚਕ ਦੀ ਬੀਮਾਰੀ ਨੂੰ ਰੋਕਣ ਲਈ ਦਸਵੰਧ ਦੀ ਮਾਇਆ ਦੀ ਖੁਲ੍ਹ ਕੇ ਵਰਤੋਂ ਕੀਤੀ। ਘਬਰਾਏ ਹੋਏ ਲੋਕਾਂ ਨੂੰ ਢਾਰਸ ਦੇਣ ਲਈ ਆਪ ਉਨ੍ਹਾਂ ਇਲਾਕਿਆਂ ਵਿਚ ਜਾਂਦੇ ਰਹੇ ਜਿਥੇ ਚੀਚਕ ਦਾ ਜ਼ੋਰ ਸੀ। ਗੁਰੂ ਜੀ ਦੀ ਆਪਣੀ ਉਮਰ ਵੀ ਅਜੇ ਪੌਣੇ ਅੱਠ ਕੁ ਸਾਲ ਦੀ ਸੀ। ਇਸ ਉਮਰ ਵਿਚ ਚੀਚਕ ਦਾ ਹਮਲਾ ਬਹੁਤ ਤੇਜ਼ੀ ਨਾਲ ਹੁੰਦਾ ਹੈ ਪਰ ਲੋਕ-ਸੇਵਾ ਵਿਚ ਗੁਰੂ ਜੀ ਨੇ ਆਪਣੀ ਸਿਹਤ ਦੀ ਕੋਈ ਪ੍ਵਾਹ ਨਾ ਕੀਤੀ। ਸਿੱਟਾ ਇਹ ਨਿਕਲਿਆ ਕਿ ਆਪ ਨੂੰ ਵੀ ਚੀਚਕ ਨੇ ਆਣ ਘੇਰਿਆ। ਆਪ ਨੂੰ ਜ਼ੋਰਦਾਰ ਬੁਖਾਰ ਹੋਇਆ, ਸਰੀਰ ਉਤੇ ਵੀ ਚੀਚਕ ਦੇ ਦਾਣੇ ਨਿਕਲ ਆਏ। ਆਪ ਜੀ ਨੂੰ ਪਤਾ ਲੱਗ ਗਿਆ ਕਿ ਸਰੀਰ ਦਾ ਅੰਤ ਨੇੜੇ ਹੀ ਹੈ।

**ਜੋਤੀ ਜੋਤਿ ਸਮਾਉਣਾ :** ਆਪ ਜੀ ਨੇ ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਜਮਨਾ ਨਦੀ ਦੇ ਕਿਨਾਰੇ ਇਕ ਖੁਲ੍ਹੀ ਥਾਂ ਡੇਰੇ ਦਾ ਪ੍ਰਬੰਧ ਕਰਵਾਇਆ। ਕੀਰਤਪੁਰੋਂ ਆਏ ਸਿੱਖਾਂ ਸਮੇਤ ਆਪ ਜਮਨਾ ਦੇ ਕੰਢੇ ਪਾਲਕੀ ਵਿਚ ਬੈਠ ਕੇ ਚਲੇ ਗਏ। ਆਪ ਜੀ ਦੀ ਬੀਮਾਰੀ ਬਾਰੇ ਸੁਣ ਕੇ ਸੰਗਤਾਂ ਭਾਰੀ ਗਿਣਤੀ ਵਿਚ ਜਮਨਾ ਨਦੀ ਦੇ ਕੰਢੇ ਆ ਜੁੜੀਆਂ। ਆਪ ਨੇ ਸੰਗਤਾਂ ਨੂੰ ਉਪਦੇਸ਼ ਕਰਦਿਆਂ ਫ਼ੁਰਮਾਇਆ ਕਿ ਸਰੀਰਾਂ ਦੇ ਮੇਲ ਥੋੜ੍ਹੇ ਚਿਰ ਦੇ ਹੀ

ਹਨ। ਗੁਰ-ਉਪਦੇਸ਼ 'ਤੇ ਚੱਲਣ ਦੀ ਲੋੜ ਹੈ। ਗੁਰ-ਉਪਦੇਸ਼ ਅਥਵਾ ਗੁਰਬਾਣੀ ਹੀ ਗੁਰੂ ਹੈ। ਗੁਰਬਾਣੀ ਅਨੁਸਾਰ ਜੀਵਨ ਢਾਲਣਾ ਹੀ ਗੁਰੂ ਦੀ ਆਗਿਆ ਨੂੰ ਮੰਨਣਾ ਹੈ।

ਸਤਿਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਤੋਂ ਚੱਲੀ ਆ ਰਹੀ ਮਰਯਾਦਾ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਨੇ ਪੰਜ ਪੈਸੇ ਮੰਗਵਾਏ, ਹੱਥਾਂ ਨਾਲ ਹੀ ਤਿੰਨ ਪਰਕਰਮਾਂ ਕੀਤੀਆਂ ਤੇ ਸੰਗਤ ਨੂੰ ਹੁਕਮ ਕੀਤਾ ਕਿ 'ਬਾਬਾ ਬਕਾਲੇ'; ਜਿਸਦਾ ਭਾਵ ਸੀ ਕਿ ਸਾਡੇ ਮਗਰੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲਾ ਮਹਾਂਪੁਰਖ ਪਿੰਡ ਬਕਾਲੇ ਵਿਖੇ ਹੈ ਤੇ ਸਾਡਾ ਬਾਬਾ (ਦਾਦਾ) ਵੀ ਹੈ।

ਭੱਟ ਵਹੀ ਤਲੌਂਢਾ ਪਰਗਣਾ ਜੀਂਦ ਮੁਤਾਬਿਕ ਜੋਤੀ-ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਪਿਛੋਂ ਸਪੱਸ਼ਟ ਰੂਪ ਵਿਚ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਤੇਗ ਬਹਾਦਰ ਜੀ ਨੂੰ ਦੇਣ ਦਾ ਐਲਾਨ ਕੀਤਾ। ਆਪ ਨੇ ਭਾਈ ਦਰਘਾ ਮੱਲ ਅਤੇ ਆਪਣੀ ਮਾਤਾ ਸੁਲੱਖਣੀ (ਦੂਜਾ ਨਾਮ ਕ੍ਰਿਸ਼ਨ ਕੌਰ) ਜੀ ਦੀ ਅਗਵਾਈ ਵਿਚ ਭਾਈ ਚਉਪਤਿ ਰਾਇ, ਮਨੀ ਰਾਮ, ਨਾਨੂੰ ਤੇ ਗੁਰਬਖਸ਼ ਆਦਿਕ ਸਿੱਖਾਂ ਨੂੰ ਬਕਾਲੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਤਾ-ਗੱਦੀ ਸੰਭਾਲਣ ਦੀ ਰਸਮ ਅਦਾ ਕਰਨ ਦਾ ਆਦੇਸ਼ ਦਿੱਤਾ।

ਹਾਲਾਤ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਇਸ ਆਦੇਸ਼ ਨੂੰ ਗੁਪਤ ਹੀ ਰਖਿਆ ਗਿਆ। 11 ਅਗਸਤ, ਸੰਨ 1664 ਨੂੰ ਉਪਰੋਕਤ ਟੋਲੀ ਬਕਾਲੇ ਪੁੱਜੀ ਤੇ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਸੌਂਪਣ ਦੀ ਰਸਮ ਅਦਾ ਕੀਤੀ ਗਈ।

ਗੁਰੂ ਹਰਿਕ੍ਰਿਸ਼ਨ ਜੀ ਜਮਨਾ ਕਿਨਾਰੇ 30 ਮਾਰਚ, ਸੰਨ 1664 (ਮੁਤਾਬਿਕ 3 ਵੈਸਾਖ, ਸੰਮਤ 1721) ਨੂੰ ਜੋਤੀ ਜੋਤਿ ਸਮਾ ਗਏ। ਜਿਥੇ ਆਪ ਜੀ ਦਾ ਸਸਕਾਰ ਕੀਤਾ ਗਿਆ ਉਥੇ ਗੁਰਦੁਆਰਾ ਬਾਲਾ ਸਾਹਿਬ ਸਥਿਤ ਹੈ। ਏਸੇ ਅਸਥਾਨ ਤੇ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੀਆਂ ਦੇਹਾਂ ਦਾ ਸਸਕਾਰ ਵੀ ਕੀਤਾ ਗਿਆ ਸੀ।

(1) **ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸ਼ਖਸ਼ੀਅਤ ਤੇ ਤਾਲੀਮ :** ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸ਼ਖਸੀਅਤ ਇੰਨੀ ਦਿੱਲ-ਖਿੱਚਵੀਂ ਤੇ ਕੋਮਲ ਸੀ ਕਿ ਹਰ ਕੋਈ ਆਪ ਜੀ ਵੱਲ ਖਿੱਚਿਆ ਜਾਂਦਾ ਸੀ। ਆਪ ਜੀ ਦੀਆਂ ਜੀਵਨ ਘਟਨਾਵਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਜੀ ਵਿਚ ਗੁਰੂ ਨਾਨਕ ਦੇਵ ਵਾਲੀ ਜੋਤਿ ਸੰਪੂਰਨ ਰੂਪ ਵਿਚ ਜਗਮਗਾ ਰਹੀ ਸੀ। ਆਪ ਜੀ ਦੇ ਜੀਵਨ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਗੁਰੂ ਜੋਤਿ ਦਾ ਉਮਰ ਨਾਲ ਕੋਈ ਸੰਬੰਧ ਨਹੀਂ ਹੁੰਦਾ। ਗੁਰੂ-ਜੋਤਿ 95 ਵਰ੍ਹਿਆਂ ਦੇ ਗੁਰੂ ਅਮਰਦਾਸ ਜੀ ਅਤੇ ਪੌਣੇ ਅੱਠ ਵਰ੍ਹਿਆਂ ਦੇ ਗੁਰੂ ਹਰਿਕ੍ਰਿਸ਼ਨ ਜੀ ਵਿਚ ਇਕ-ਸਮਾਨ ਵਰਤਦੀ ਹੈ। ਗੁਰੂ-ਜੋਤਿ ਹੀ ਸੰਗਤਾਂ ਦੀ ਅਗਵਾਈ ਕਰਦੀ ਹੈ, ਗੁਰੂ ਦਾ ਸਰੀਰ ਤਾਂ ਇਕ ਸਾਧਨ ਮਾਤਰ ਹੀ ਹੁੰਦਾ ਹੈ।

ਗੁਰੂ ਜੀ ਨੇ ਪਹਿਲੇ ਸਤਿਗੁਰਾਂ ਦੀ ਤਰ੍ਹਾਂ ਹੀ ਗੁਰਬਾਣੀ ਪ੍ਰਤੀ ਸ਼ਰਧਾ ਤੇ ਸਤਿਕਾਰ ਰੱਖਣ ਲਈ ਪੂਰਨੇ ਪਾਏ। ਮੈਕਾਲਿਫ਼ ਦਾ ਕਹਿਣਾ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਪਹਿਲਾਂ ਹੀ ਐਸੇ ਬਚਨ ਕਰਦੇ ਸਨ ਕਿ ਸਿੱਖਾਂ ਦੀ ਦੁਬਿਧਾ ਅਤੇ ਸ਼ੰਕੇ ਮਿਟ ਜਾਂਦੇ ਸਨ।

(2) **ਗੁਰੂ ਜੀ ਦੀ ਅਜ਼ਮਤ :** ਭਾਵੇਂ ਬਾਬਾ ਰਾਮ ਰਾਇ ਨੇ ਆਪ ਦੇ ਵਿਰੁੱਧ ਪ੍ਰਚਾਰ

ਮੁਹਿਮ ਛੇੜ ਦਿੱਤੀ ਸੀ ਕਿ ਛੋਟੀ ਉਮਰ ਦੇ ਹੋਣ ਕਰਕੇ ਉਹ ਸਿੱਖ ਸੰਗਤਾਂ ਦੀ ਅਗਵਾਈ ਨਹੀਂ ਕਰ ਸਕਣਗੇ ਅਤੇ ਔਰੰਗਜ਼ੇਬ ਨੇ ਵੀ ਉਸ ਨੂੰ ਜਾਗੀਰ ਦੇ ਕੇ ਗੁਰੂ-ਘਰ ਵਿਚ ਫੁੱਟ ਨੂੰ ਵਧਾਉਣ ਦਾ ਯਤਨ ਕੀਤਾ ਸੀ, ਪਰ ਇਨ੍ਹਾਂ ਗੱਲਾਂ ਦਾ ਸਿੱਖ ਸੰਗਤਾਂ ਤੇ ਭੋਰਾ ਜਿੰਨਾ ਵੀ ਅਸਰ ਨਾ ਹੋਇਆ। ਆਪ ਜੀ ਨੇ ਅਗਵਾਈ ਇਸ ਤਰ੍ਹਾਂ ਕੀਤੀ ਕਿ ਬ੍ਰਾਹਮਣਾਂ ਦੀਆਂ ਚਾਲਾਂ ਵੀ ਅਸਫ਼ਲ ਹੋ ਗਈਆਂ। ਬਾਬਾ ਧੀਰ ਮੱਲ ਪੱਖੀ ਮਸੰਦ ਵੀ ਆਪਣੇ ਦੁਸ਼-ਪ੍ਰਚਾਰ ਨਾਲ ਗੁਰੂ ਜੀ ਅਤੇ ਸੰਗਤਾਂ ਦਾ ਕੁਝ ਵਿਗਾੜ ਨਾ ਸਕੇ। ਸਰਕਾਰੀ ਡਰਾਵੇ ਵੀ ਠੁੱਸ ਹੋ ਕੇ ਰਹਿ ਗਏ। ਇਹ ਸਭ ਕੁਝ ਆਪ ਜੀ ਦੀ ਮਹਾਨ ਅਜ਼ਮਤ ਦੇ ਕਾਰਨ ਹੀ ਸੰਭਵ ਹੋ ਸਕਿਆ।

ਪੰਡਤ ਲਾਲ ਚੰਦ ਦੇ ਹੰਕਾਰ ਨੂੰ ਤੋੜ ਕੇ ਅਨਪੜ੍ਹ ਛੱਜੂ ਝੀਉਰ ਤੋਂ ਗੀਤਾ ਦੇ ਸਲੋਕਾਂ ਦੇ ਅਰਥ ਕਰਵਾਉਣ ਅਤੇ ਆਉਣ ਵਾਲੇ ਭਿਆਨਕ ਹਾਲਾਤ ਵਿਚ ਸਹੀ ਗੁਰੂ ਦੀ ਚੋਣ ਕਰਨ ਤੋਂ ਵੀ ਆਪ ਜੀ ਦੀ ਅਜ਼ਮਤ ਹੀ ਪ੍ਰਗਟ ਹੁੰਦੀ ਹੈ। ਰਾਜਾ ਜੈ ਸਿੰਘ ਦੀ ਰਾਣੀ ਨੂੰ ਪਛਾਣਨ ਨੂੰ ਵੀ ਇਸੇ ਸੰਦਰਭ ਵਿਚ ਵੇਖਿਆ ਜਾਣਾ ਚਾਹੀਦਾ ਹੈ।

(3) **ਗਰੀਬਾਂ ਲਈ ਪਿਆਰ** : ਗਰੀਬਾਂ ਅਤੇ ਪੀੜਿਤ ਲੋਕਾਂ ਲਈ ਆਪ ਦੇ ਮਨ ਵਿਚ ਅਥਾਹ ਪਿਆਰ ਸੀ। ਆਪ ਜੀ ਨੇ ਕੀਰਤਪੁਰ ਵਿਖੇ ਬ੍ਰਾਹਮਣਾਂ ਦੇ ਸਿਖਾਏ ਕੋਹੜੀ ਉਤੇ ਆਪਣੀ ਦਇਆ-ਦ੍ਰਿਸ਼ਟੀ ਕੀਤੀ ਤੇ ਉਸ ਨੂੰ ਅਰੋਗ ਕੀਤਾ। ਦਿੱਲੀ ਵਿਚ ਚੀਚਕ ਦੀ ਮਹਾਂਮਾਰੀ ਸਮੇਂ ਤਨ, ਮਨ ਤੇ ਧਨ ਨਾਲ ਰੋਗ-ਪੀੜਤਾਂ ਦੀ ਸਹਾਇਤਾ ਕੀਤੀ, ਭਾਵੇਂ ਕਿ ਆਪ ਜੀ ਨੂੰ ਚੀਚਕ ਵਰਗੀ ਨਾਮੁਰਾਦ ਬੀਮਾਰੀ ਲੱਗ ਗਈ।

(4) **ਨਿਰਭਉ ਅਤੇ ਨਿਰਵੈਰ** : ਨਿਰਭਉ ਅਤੇ ਨਿਰਵੈਰ ਹੋਣਾ ਗੁਰੂ ਘਰ ਦੀ ਆਰੰਭ ਤੋਂ ਹੀ ਰੀਤ ਰਹੀ ਹੈ। ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਨਿੰਦਕਾਂ ਅਤੇ ਈਰਖਾਲੂਆਂ ਨੂੰ ਵੀ ਕਿਰਪਾ-ਦ੍ਰਿਸ਼ਟੀ ਨਾਲ ਹੀ ਤੱਕਿਆ ਹੈ। ਵੱਡੇ ਭਰਾ ਰਾਮ ਰਾਇ ਨੇ ਗੁਰ-ਗੱਦੀ ਤੇ ਕਬਜ਼ਾ ਕਰਨ ਲਈ ਆਪ ਜੀ ਵਿਰੁੱਧ ਝੂਠਾ ਪ੍ਰਚਾਰ ਕੀਤਾ ਤੇ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਦੇ ਯਤਨ ਕੀਤੇ, ਪਰ ਆਪ ਨੇ ਉਸ ਵਿਰੁੱਧ ਇਕ ਲਫ਼ਜ਼ ਵੀ ਨਹੀਂ ਕਿਹਾ।

ਨਿਰਭੈਤਾ ਦੀ ਤਾਂ ਆਪ ਨੇ ਹੱਦ ਹੀ ਕਰ ਦਿੱਤੀ। ਔਰੰਗਜ਼ੇਬ ਵਰਗੇ ਜ਼ਾਲਮ ਤੇ ਨਿਰਦਈ ਬਾਦਸ਼ਾਹ ਨੂੰ ਮਿਲਣ ਤੋਂ ਨਾਂਹ ਕਰ ਦੇਣੀ ਕੋਈ ਸਾਧਾਰਨ ਗੱਲ ਨਹੀਂ ਸੀ। ਇੰਨੀ ਵੱਡੀ ਮੁਗ਼ਲ-ਸ਼ਕਤੀ ਦੇ ਜਿਸ ਬਾਦਸ਼ਾਹ ਦੇ ਦੀਦਾਰ ਨੂੰ ਲੋਕ ਤਰਲੇ ਲੈਂਦੇ ਸਨ, ਅੱਠ ਸਾਲਾਂ ਤੋਂ ਵੀ ਘੱਟ ਉਮਰ ਦੇ ਬਾਲ-ਗੁਰੂ ਨੇ ਉਸ ਦੇ ਸੱਦੇ ਨੂੰ ਠੁਕਰਾ ਦਿੱਤਾ ਸੀ ਇਹ ਆਪਣੇ ਆਪ ਵਿਚ ਇਕ ਵੱਡੀ ਕਰਾਮਾਤ ਸੀ।

(5) **ਬ੍ਰਾਹਮਣਾਂ ਦੀਆਂ ਚਾਲਾਂ ਦਾ ਢੁਕਵਾਂ ਜਵਾਬ** : ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣਾਂ ਦੁਆਰਾ ਫੈਲਾਏ ਗਏ ਗ਼ਲਤ ਵਿਚਾਰਾਂ, ਅੰਧ-ਵਿਸ਼ਵਾਸਾਂ, ਕਰਮ-ਕਾਂਡਾਂ, ਭੇਖਾਂ, ਦਾਨ ਪ੍ਰਾਪਤੀ ਲਈ ਜਨਤਾ ਦਾ ਸ਼ੋਸ਼ਣ ਅਤੇ ਜਾਤ-ਪਾਤ ਦੇ ਊਚ-ਨੀਚ ਦੇ ਵਿਚਾਰਾਂ ਦਾ ਡਟਵਾਂ ਵਿਰੋਧ ਕੀਤਾ ਸੀ। ਇਸੇ ਕਾਰਨ ਬ੍ਰਾਹਮਣ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ-ਘਰ ਅਤੇ ਸਿੱਖਾਂ ਦੇ ਖਿਲਾਫ਼ ਪ੍ਰਚਾਰ ਕਰਕੇ ਹਿੰਦੂ ਜਨਤਾ ਨੂੰ ਭੜਕਾਉਂਦੇ ਰਹੇ ਹਨ। ਇਨ੍ਹਾਂ ਦੀ ਇਹ ਖਾਸੀਅਤ ਰਹੀ ਹੈ ਕਿ ਇਹ ਉੱਨਾ ਚਿਰ ਤੱਕ ਸਾਹਮਣੇ ਹੋ ਕੇ ਵਿਰੋਧੀ ਦਾ ਟਾਕਰਾ ਨਹੀਂ ਕਰਦੇ, ਜਿੰਨਾ ਚਿਰ ਤੱਕ ਇਨ੍ਹਾਂ ਦੇ ਹੱਥ ਰਾਜ-ਸ਼ਕਤੀ ਨਾ ਹੋਵੇ। ਇਹ ਰਾਜ-ਸ਼ਕਤੀ ਨੂੰ ਅਸਿੱਧੇ ਰੂਪ ਵਿਚ ਵਰਤਣ ਦਾ ਹਮੇਸ਼ਾ ਹੀ ਯਤਨ ਕਰਦੇ

ਰਹੇ ਹਨ। ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਇਨ੍ਹਾਂ ਨੇ ਘੱਟ ਨਹੀਂ ਕੀਤੀ।

ਸਭ ਤੋਂ ਪਹਿਲਾ ਵਾਰ ਕਰਨ ਲਈ ਇਨ੍ਹਾਂ ਨੇ ਕੀਰਤਪੁਰ ਦੇ ਕੋਹੜੀ ਨੂੰ ਵਰਤਿਆ, ਪਰ ਮੂੰਹ ਦੀ ਖਾਧੀ। ਫਿਰ ਪੰਜੋਖਰੇ ਵਿਖੇ ਚਾਲ ਚੱਲੀ। ਉਥੇ ਵੀ ਨਮੋਸ਼ੀ ਭਰੀ ਹਾਰ ਹੋਈ, ਜਦੋਂ ਕਿ ਇਕ ਅਨਪੜ੍ਹ ਅਤੇ ਸਿੱਧੇ-ਸਾਦੇ ਵਿਅਕਤੀ ਨੇ ਗੀਤਾ ਦੇ ਸਲੋਕਾਂ ਦੇ ਅਰਥ ਕਰ ਦਿੱਤੇ। ਪ੍ਰੋ. ਸਾਹਿਬ ਸਿੰਘ ਅਨੁਸਾਰ ਰਾਜਾ ਜੈ ਸਿੰਘ ਦੀ ਰਾਣੀ ਦੇ ਮਨ ਵਿਚ ਗੁਰੂ ਜੀ ਦੀ ਅਜ਼ਮਤ ਬਾਰੇ ਭਰਮ-ਭੁਲੇਖੇ ਪੈਦਾ ਕਰਨ ਵਿਚ ਵੀ ਬ੍ਰਾਹਮਣਾਂ ਦਾ ਹੱਥ ਸੀ।

ਇਸ ਸੰਖੇਪ ਜਿਹੀ ਵਿਚਾਰ ਤੋਂ ਇਹ ਗੱਲ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਹਰਿ-ਸਮਾਨ, ਦ੍ਰਿੜ੍ਹ ਇਰਾਦੇ ਵਾਲੇ, ਨਿਰਭਉ ਅਤੇ ਨਿਰਵੈਰ ਸ਼ਖ਼ਸੀਅਤ ਦੇ ਮਾਲਕ ਸਨ।

ਭਾਈ ਨੰਦ ਲਾਲ ਜੀ ਇਨ੍ਹਾਂ ਸ਼ਬਦਾਂ ਦੁਆਰਾ ਗੁਰੂ ਹਰਿਕ੍ਰਿਸ਼ਨ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ :

**ਗੁਰੂ ਹਰ ਕਿਸ਼ਨ ਆਂ ਹਮਹ ਫ਼ਜ਼ਲੋ ਜੂਦ।**
**ਹਕਸ਼ ਅਜ਼ ਹਮਹ ਖ਼ਾਸਗਾਂ ਬਰ ਸਤੂਦ। ੯੩।**

ਗੁਰੂ ਹਰਿਕ੍ਰਿਸ਼ਨ ਸਾਰੀ ਬਜ਼ੁਰਗੀ ਅਤੇ ਬਖਸ਼ਿਸ਼ ਦਾ ਉਹ ਵਜੂਦ ਹੈ, ਜਿਸ ਨੂੰ ਰੱਬ ਨੇ ਸਾਰਿਆਂ ਖ਼ਾਸਾਂ (ਆਪਣੇ ਵਿਸ਼ੇਸ਼ ਪਿਆਰਿਆਂ) ਤੋਂ ਵੀ ਵੱਧ ਸਲਾਹਿਆ ਹੈ।

**ਮਿਆਨਿ ਹਕ ਵ ਓ ਫਸਾਲ-ਉਲਵਰੱਕ।**
**ਵਜੂਦਸ਼ ਹਮਹ ਫ਼ਜ਼ਲੋ ਅਫ਼ਜ਼ਾਲਿ ਹੱਕ। ੯੪।**

ਉਸ ਦੇ ਤੇ ਰੱਬ ਦੇ ਵਿਚਾਲੇ ਫ਼ਰਕ ਕੇਵਲ ਇਕ ਵਰਕ ਦਾ ਹੈ। ਉਸ ਦਾ ਸਾਰਾ ਵਜੂਦ ਹੀ ਰੱਬ ਦੀਆਂ ਬਖਸ਼ਿਸ਼ਾਂ ਤੇ ਮਿਹਰਾਂ ਦਾ (ਬਣਿਆ ਹੋਇਆ) ਹੈ।

**ਹਮਹ ਸਾਇਲਿ ਲੁਤਫ਼ਿ ਹਕ ਬਰਦਰਸ਼।**
**ਜ਼ਮੀਨੋ ਜ਼ਮਾਂ ਜੁਮਲਹ ਫ਼ਰਮਾਂ-ਬਰਸ਼। ੯੫।**

ਉਸ ਦੇ ਦਰ ਉਤੇ ਸਾਰੇ ਰੱਬੀ ਮਿਹਰਾਂ ਦੇ ਯਾਚਕ ਹਨ।
ਜ਼ਮੀਨ ਅਤੇ ਅਸਮਾਨ ਸਭ ਉਸ ਦੇ ਹੁਕਮ ਮੰਨਣ ਵਾਲੇ ਹਨ।

**ਤੁਫ਼ੈਲਸ਼ ਦੁ-ਆਲਮ ਬਵਦ ਕਾਮਯਾਬ।**
**ਅਜ਼ੋ ਗਸ਼ਤਗਹ ਹਰ ਜ਼ੱਰਰਹ ਖ਼ੁਰਸ਼ੀਦੇ ਤਾਬ। ੯੬।**

ਉਸ ਦੀ ਮਿਹਰ ਨਾਲ ਦੋਨੋਂ ਜਹਾਨ (ਲੋਕ-ਪਰਲੋਕ) ਕਾਮਯਾਬ ਹੋ ਗਏ ਹਨ ਤੇ ਉਸ ਦੀ ਬਖ਼ਸ਼ਿਸ਼ ਨਾਲ ਹਰੇਕ ਜ਼ੱਰਰ (ਕਿਣਕਾ) ਪ੍ਰਕਾਸ਼ਮਾਨ ਸੂਰਜ ਹੋ ਗਿਆ ਹੈ।

**ਹਮਹ ਆਸੀਆਂ ਰਾ ਕਫ਼ੀ ਅਸਤਮਸ਼।**
**ਸਰਾ ਤਾ ਸਮਾ ਜੁਮਲਹ ਫ਼ਰਮਾਂ-ਬਰਸ਼। ੯੭।**

ਉਸ ਦੀ ਪਵਿੱਤਰਤਾ ਸਾਰੇ ਪਾਪੀਆਂ (ਦੇ ਪਾਪਾਂ) ਨੂੰ ਪਾੜਨ ਵਾਲੀ ਹੈ ਅਤੇ ਪਤਾਲਾਂ ਤੋਂ ਅਕਾਸ਼ਾਂ ਤੱਕ ਸਭੇ ਉਸ ਦੇ ਹੁਕਮ ਹੇਠ ਹਨ। (ਗੰਜਨਾਮਹ)

⊠ ⊠ ⊠

# ਗੁਰੂ ਹਰਿਕ੍ਰਿਸ਼ਨ ਜੀ ਨਾਲ ਸੰਬੰਧਿਤ ਗੁਰਦੁਆਰੇ

1. **ਗੁਰਦੁਆਰਾ ਸ਼ੀਸ਼ ਮਹਲ ਸਾਹਿਬ ਕੀਰਤਪੁਰ :** ਇਥੇ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ (ਜਨਮ) ਹੋਇਆ ਸੀ। ਕੀਰਤਪੁਰ ਨਗਰ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਕਰਨ ਤੇ ਉਨ੍ਹਾਂ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ। ਇਸ ਗੁਰਦੁਆਰੇ ਵਾਲੀ ਥਾਂ ਤੇ ਗੁਰੂ ਸਾਹਿਬ ਦੇ ਰਹਿਣ ਦੇ ਅਸਥਾਨ (ਮਹੱਲ) ਹੁੰਦੇ ਸਨ। ਇਸ ਕਾਰਨ ਗੁਰਦੁਆਰਾ ਸਾਹਿਬ ਦਾ ਨਾਮ ਵੀ ਗੁਰਦੁਆਰਾ ਸ਼ੀਸ਼ ਮਹਲ ਸਾਹਿਬ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਆਲੀਸ਼ਾਨ ਇਮਾਰਤ ਬਾਬਾ ਸੇਵਾ ਸਿੰਘ ਅਨੰਦਗੜ੍ਹ ਵਾਲਿਆਂ ਨੇ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਈ ਸੀ। ਇਸ ਵਿਚ ਬਹੁ-ਮੁੱਲੇ ਤੇ ਬਹੁ-ਰੰਗੇ ਸ਼ੀਸ਼ੇ ਲਗਵਾਏ ਗਏ ਹਨ।
2. **ਪੰਜੋਖਰਾ ਸਾਹਿਬ :** ਹਰਿਆਣੇ ਵਿਚ ਅੰਬਾਲਾ ਸ਼ਹਿਰ ਦੇ ਉੱਤਰ-ਪੂਰਬ ਵਿਚ, 10 ਕਿਲੋਮੀਟਰ ਦੀ ਦੂਰੀ ਤੇ 'ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਪੰਜੋਖਰਾ' ਸਥਿਤ ਹੈ। ਇਹ ਅੰਬਾਲਾ-ਨਾਰਾਇਣਗੜ੍ਹ ਰੋਡ ਤੇ ਹੈ। ਇਥੇ ਗੁਰੂ ਜੀ ਨੇ ਪੰਡਤ ਲਾਲ ਚੰਦ ਦਾ ਹੰਕਾਰ ਤੋੜਿਆ ਸੀ ਤੇ ਆਪ ਜੀ ਦੀ ਕਿਰਪਾ ਦ੍ਰਿਸ਼ਟੀ ਸਦਕਾ ਛੱਜੂ ਨਾਮ ਦੇ ਝੀਉਰ ਨੇ ਗੀਤਾ ਦੇ ਕੁਝ ਸਲੋਕਾਂ ਦੇ ਅਰਥ ਕੀਤੇ ਸਨ।
3. **ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿੱਲੀ :** ਇਹ ਗੁਰਦੁਆਰਾ ਨਵੀਂ ਦਿੱਲੀ ਵਿਚ ਕਨਾਟ ਪਲੇਸ ਦੇ ਨੇੜੇ ਹੀ ਹੈ। ਪਹਿਲਾਂ ਇਥੇ ਅੰਬਰ ਦੇ ਰਾਜਾ ਜੈ ਸਿੰਘ ਦਾ ਬੰਗਲਾ (ਮਹੱਲ) ਹੁੰਦਾ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਆ ਕੇ ਇਸ ਬੰਗਲੇ ਵਿਚ ਨਿਵਾਸ ਕੀਤਾ ਸੀ। ਸਰਦਾਰ ਬਘੇਲ ਸਿੰਘ ਨੇ ਨਵੀਂ ਦਿੱਲੀ ਵਿਚ ਆਪਣਾ ਦਬਦਬਾ ਕਾਇਮ ਕਰਕੇ ਸੰਨ 1783 ਵਿਚ ਇਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਸੀ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 20ਵੀਂ ਸਦੀ ਵਿਚ ਬਣਾਈ ਗਈ ਹੈ।
4. **ਗੁਰਦੁਆਰਾ ਬਾਲਾ ਸਾਹਿਬ, ਨਵੀਂ ਦਿੱਲੀ :** ਇਹ ਗੁਰਦੁਆਰਾ ਨਵੀਂ ਦਿੱਲੀ ਵਿਚ ਹਮਾਯੂੰ ਦੇ ਮਕਬਰੇ ਦੇ ਦੱਖਣ ਵਿਚ ਹੈ। ਇਥੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ ਸੀ। ਮਗਰੋਂ ਇਥੇ ਹੀ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਜੀ ਦਾ ਸਸਕਾਰ ਵੀ ਕੀਤਾ ਗਿਆ ਸੀ।